ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARHDIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ' ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 30 ਅੰਕ ਨੰ. Volume No : 88 ਨਵੀਂ ਦਿੱਲੀ, ਸੋਮਵਾਰ 31 ਮਾਰਚ, 2025, Monday 31 March, 2025 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

## ਪੂਤਿਨ ਦੇ ਕਾਫਲੇ ਦੀ ਕਾਰ ਵਿੱਚ ਧਮਾਕਾ

ਮਾਸਕੋ, 30 ਮਾਰਚ , 30 ਮਾਰਚ (ਪ੍ਰਤੀਨਿਧੀ) : ਇੱਥੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਕਾਫਲੇ ਦੀ ਕਾਰ ਵਿਚ ਧਮਾਕਾ ਹੋ ਗਿਆ। ਇਹ ਧਮਾਕਾ ਖੁਫੀਆ ਏਜੰਸੀ ਐਫਐਸਬੀ ਦੇ ਮੁੱਖ ਦਫ਼ਤਰ ਕੋਲ ਲਿਮੋਜ਼ਿਨ ਕਾਰ ਵਿਚ ਹੋਇਆ। ਇਹ ਪਤਾ ਲੱਗਿਆ ਹੈ ਕਿ ਕਾਰ ਦੇ ਇੰਜਣ ਨੂੰ ਅੱਗ ਲੱਗ ਗਈ ਜੋ ਅੰਦਰ ਤਕ ਫੈਲ ਗਈ। ਇਹ ਵੀ ਸਪਸ਼ਟ ਨਹੀਂ ਹੋਇਆ ਕਿ ਇਸ ਮਹਿਜ਼ ਹਾਦਸਾ ਸੀ ਜਾਂ ਸਾਜ਼ਿਸ਼। ਇਸ ਤੋਂ ਬਾਅਦ ਰਾਸ਼ਟਰਪਤੀ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਹੋ ਗਏ ਹਨ।

## ਯੂਕਰੇਨ ਵੱਲੋਂ ਰੂਸ ਦੇ 65 ਡਰੋਨ ਤਬਾਹ, ਰੂਸ ਨੇ ਦਾਗੇ ਸਨ 111 ਡਰੋਨ

ਕੀਵ, 30 ਮਾਰਚ (ਪ੍ਰਤੀਨਿਧੀ) : ਯੂਕਰੇਨ ਦੀ ਹਵਾਈ ਫੌਜ ਨੇ ਰੂਸ ਵੱਲੋਂ ਰਾਤ ਵੇਲੇ ਦਾਗੇ 111 ਵਿੱਚੋਂ 65 ਡਰੋਨ ਤਬਾਹ ਕਰ ਦਿੱਤੇ ਹਨ। ਇਹ ਜਾਣਕਾਰੀ ਕੀਵ ਦੀ ਹਵਾਈ ਫੌਜ ਦੇ ਬੁਲਾਰੇ ਨੇ ਅੱਜ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਈ ਹੋਰ ਡਰੋਨ ਬਿਨਾਂ ਕਿਸੇ ਨੁਕਸਾਨ ਦੇ ਗਾਇਬ ਹੋ ਗਏ। ਜ਼ਿਕਰਯੋਗ ਹੈ ਕਿ ਰੂਸ ਤੇ ਅਮਰੀਕਾ ਦਰਮਿਆਨ ਯੂਕਰੇਨ ਜੰਗ ਰੋਕਣ ਲਈ ਗੱਲਬਾਤ ਹੋਈ ਸੀ ਜਿਸ ਵਿਚ ਯੂਕਰੇਨ ਖ਼ਿਲਾਫ਼ ਜੰਗ ਵਿੱਚ 30 ਦਿਨਾਂ ਦੀ ਜੰਗਬੰਦੀ ਦੇ ਅਮਰੀਕੀ ਪ੍ਰਸਤਾਵ ਦੇ ਵੇਰਵਿਆਂ ਬਾਰੇ ਚਰਚਾ ਕੀਤੀ ਗਈ ਸੀ।

## ਪੰਜਾਬ ਅਤੇ ਹਰਿਆਣਾ 'ਚ ਪਰਾਲੀ ਸਾੜਨ ਤੋਂ ਰੋਕਣ ਦੀ ਮੰਗ, ਸੁਪਰੀਮ ਕੋਰਟ ਨੇ ਖਾਰਜ ਕੀਤੀ ਪਟੀਸ਼ਨ

ਨਵੀਂ ਦਿੱਲੀ, 30 ਮਾਰਚ (ਪ੍ਰਤੀਨਿਧੀ) : ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਪਰਾਲੀ ਸਾੜਨ 'ਤੇ ਰੋਕ ਲਗਾਉਣ ਲਈ ਸਖ਼ਤ ਕਦਮ ਚੁੱਕਣ ਦੇ ਨਿਰਦੇਸ਼ ਦੇਣ ਸੰਬੰਧੀ ਮੰਗ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ। ਜੱਜ ਅਭੈ ਐੱਸ ਓਕਾ ਅਤੇ ਜੱਜ ਉੱਜਲ ਭੂਈਆਂ ਦੀ ਬੈਂਚ ਨੇ ਕਿਹਾ,"ਇਸ ਅਦਾਲਤ ਨੇ ਪਰਾਲੀ ਸਾੜਨ ਦੇ ਮੁੱਦੇ 'ਤੇ ਕਈ ਆਦੇਸ਼ ਪਾਸ ਕੀਤੇ ਹਨ ਅਤੇ ਅਜੇ ਵੀ ਮਾਮਲੇ 'ਤੇ ਵਿਚਾਰ ਕੀਤਾ ਜਾ ਰਿਹਾ ਹੈ ਤਾਂ ਅਸੀਂ ਵੱਖ-ਵੱਖ ਪੱਖਾਂ ਨੂੰ ਇਸ ਮਾਮਲੇ 'ਚ ਦਖ਼ਲਅੰਦਾਜੀ ਅਤੇ ਨਿਰਦੇਸ਼ ਲਈ ਅਰਜ਼ੀ ਦਾਇਰ ਕਰਨ ਦੀ ਇਜਾਜ਼ਤ ਨਹੀਂ ਦੇਣਾ ਚਾਹੁੰਦੇ ਹਾਂ। ਇਸ ਲਈ ਪਟੀਸ਼ਨ ਖਾਰਜ ਕੀਤੀ ਜਾਂਦੀ ਹੈ।"



ਵਾਤਾਵਰਣ ਵਰਕਰ ਵਿਕਰਾਂਤ ਤੋਂਗੜ ਵਲੋਂ ਦਾਇਰ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਅਪ੍ਰੈਲ-ਮਈ 'ਚ ਪਰਾਲੀ ਸਾੜਨ ਨਾਲ ਪੈਦਾ ਪ੍ਰਦੂਸ਼ਣ ਨਾ ਸਿਰਫ਼ ਦਿੱਲੀ-ਐੱਨਸੀਆਰ 'ਚ ਰਹਿਣ ਵਾਲੇ ਲੋਕਾਂ ਦੀ ਸਿਹਤ ਲਈ ਹਾਨੀਕਾਰਕ ਹੈ ਸਗੋਂ ਉਨ੍ਹਾਂ ਰਾਜਾਂ ਦੇ ਲੋਕਾਂ ਦੀ ਸਿਹਤ ਨੂੰ ਵੀ ਨੁਕਸਾਨ ਪਹੁੰਚਦਾ ਹੈ, ਜਿੱਥੇ ਪਰਾਲੀ ਸਾੜੀ ਜਾਂਦੀ ਹੈ। ਇਸ 'ਚ ਕਿਹਾ ਗਿਆ ਹੈ ਕਿ ਬੱਚੇ ਅਤੇ ਬਜ਼ੁਰਗ ਵਿਸ਼ੇਸ਼ ਰੂਪ ਨਾਲ ਪ੍ਰਭਾਵਿਤ ਹੁੰਦੇ ਹਨ। ਪਟੀਸ਼ਨ 'ਚ ਇਹ ਵੀ ਕਿਹਾ ਗਿਆ ਹੈ ਕਿ ਹਵਾ ਪ੍ਰਦੂਸ਼ਣ ਇਕ ਰਾਸ਼ਟਰੀ ਸੰਕਟ ਬਣ ਗਿਆ ਹੈ, ਜੋ ਦੇਸ਼ 'ਚ ਰਹਿਣ ਵਾਲੇ ਲੱਖਾਂ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰ ਰਿਹਾ ਹਾਂ। ਇਹ ਭਾਰਤ ਦੇ ਸੰਵਿਧਾਨ ਦੀ ਧਾਰਾ 14,19 ਅਤੇ 21 ਦੇ ਅਧੀਨ ਲੋਕਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਵੀ ਕਰ ਰਿਹਾ ਹੈ। ਪਟੀਸ਼ਨ 'ਚ ਤਰਕ ਦਿੱਤਾ ਗਿਆ ਹੈ,"ਇਸ ਅਦਾਲਤ ਵਲੋਂ ਪਹਿਲਾਂ ਜਾਰੀ ਕੀਤੇ ਗਏ ਕਈ ਨਿਰਦੇਸ਼ਾਂ ਦੇ ਬਾਵਜੂਦ ਉਨ੍ਹਾਂ ਦੀ ਸਹੀ ਤਰ੍ਹਾਂ ਪਾਲਣਾ ਨਹੀਂ ਹੋ ਰਹੀ ਹੈ। ਸਰਕਾਰੀ ਏਜੰਸੀਆਂ ਅਤੇ ਹਿੱਤਧਾਰਕ ਜਨਤਕ ਸਿਹਤ ਅਤੇ ਵਾਤਾਵਰਣ ਦੀ ਰੱਖਿਆ ਕਰਨ ਦੇ ਆਪਣੇ ਕਰਤੱਵ 'ਚ ਅਸਫ਼ਲ ਰਹੇ ਹਨ।"

*ਪ੍ਰਧਾਨ ਮੰਤਰੀ ਨੇ ਆਪਣੇ ਰੇਡੀਓ ਪ੍ਰਸਾਰਣ ਦੇ 120ਵੇਂ ਸ਼ੋਅ ਨੂੰ ਕੀਤਾ ਸੰਬੋਧਨ*

## ਸਾਡੇ ਤਿਉਹਾਰ ਦੇਸ਼ ਦੀ ਵਿਭਿੰਨਤਾ ਵਿੱਚ ਏਕਤਾ ਨੂੰ ਦਰਸਾਉਂਦੇ ਹਨ: ਮੋਦੀ

ਨਵੀਂ ਦਿੱਲੀ, 30 ਮਾਰਚ (ਅੰਮ੍ਰਿਤਪਾਲ ਸਿੰਘ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਅੱਜ ਮਨਾਏ ਜਾ ਰਹੇ ਅਤੇ ਆਉਣ ਵਾਲੇ ਦਿਨਾਂ ਵਿੱਚ ਮਨਾਏ ਜਾਣ ਵਾਲੇ ਵੱਖ-ਵੱਖ ਤਿਉਹਾਰ ਭਾਰਤ ਦੀ ਵਿਭਿੰਨਤਾ ਵਿੱਚ ਏਕਤਾ ਦੀ ਭਾਵਨਾ ਦਰਸਾਉਂਦੇ ਹਨ। ਉਨ੍ਹਾਂ ਦੇਸ਼ ਵਾਸੀਆਂ ਨੂੰ ਇਸ ਭਾਵਨਾ ਨੂੰ ਮਜ਼ਬੂਤ ? ?ਕਰਦੇ ਰਹਿਣ ਲਈ ਕਿਹਾ।



ਆਪਣੇ ਮਹੀਨਾਵਾਰ ਪ੍ਰੋਗਰਾਮ 'ਮਨ ਕੀ ਬਾਤ' ਵਿੱਚ ਸ੍ਰੀ ਮੋਦੀ ਨੇ ਕਿਹਾ ਕਿ ਵੱਖ-ਵੱਖ ਸੂਬੇ ਅੱਜ ਆਪਣਾ ਰਵਾਇਤੀ ਨਵਾਂ ਸਾਲ ਮਨਾ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਕਈ ਹੋਰ ਵੀ ਮਨਾਉਣਗੇ। ਇਸ ਵੇਲੇ ਈਦ ਸਣੇ ਹੋਰ ਤਿਉਹਾਰ ਮਨਾਏ ਜਾ ਰਹੇ ਹਨ। ਉਨ੍ਹਾਂ ਨੇ ਲੋਕਾਂ ਨੂੰ ਇਨ੍ਹਾਂ ਤਿਉਹਾਰਾਂ ਦੀ ਵਧਾਈ ਦਿੱਤੀ।

ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਵੀ ਕੁਝ ਹਫ਼ਤਿਆਂ ਬਾਅਦ ਆ ਜਾਣਗੀਆਂ, ਗਰਮੀਆਂ ਦੇ ਲੰਬੇ ਦਿਨ ਵਿਦਿਆਰਥੀਆਂ ਲਈ ਨਵੇਂ ਸ਼ੌਕ ਪੈਦਾ ਕਰਨ ਅਤੇ ਆਪਣੇ ਹੁਨਰਾਂ ਨੂੰ ਨਿਖਾਰਨ ਦਾ ਸਮਾਂ ਹੁੰਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਲਈ ਵੱਖ-ਵੱਖ ਗਤੀਵਿਧੀਆਂ ਦੀ ਪੇਸ਼ਕਸ਼ ਕਰਨ ਵਾਲਿਆਂ ਨੂੰ 'ਮਾਈ ਹੋਲੀਡੇਜ਼' ਹੈਸ਼ਟੈਗ ਦੀ ਵਰਤੋਂ ਕਰਨ ਅਤੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ 'ਹੋਲੀਡੇਅ ਮੈਮੋਰੀਜ਼' ਹੈਸ਼ਟੈਗ ਨਾਲ ਆਪਣੇ ਤਜਰਬੇ ਸਾਂਝੇ ਕਰਨ ਦੀ ਅਪੀਲ ਕੀਤੀ। ਸ੍ਰੀ ਮੋਦੀ ਨੇ ਵੱਖ-ਵੱਖ ਤਰੀਕਿਆਂ ਨਾਲ ਪਾਣੀ ਦੀ ਸੰਭਾਲ ਕਰਨ 'ਤੇ ਜ਼ੋਰ ਦਿੰਦਿਆਂ 'ਕੈਚ ਦਿ ਰੇਨ' ਮੁਹਿੰਮ 'ਤੇ ਜ਼ੋਰ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਸੱਤ ਤੋਂ ਅੱਠ ਸਾਲਾਂ ਵਿੱਚ ਅਜਿਹਾ ਕਰ ਕੇ 11 ਬਿਲੀਅਨ ਘਣ ਮੀਟਰ ਤੋਂ ਵੱਧ ਪਾਣੀ ਬਚਾਇਆ ਗਿਆ ਹੈ।

ਉਨ੍ਹਾਂ ਲੋਕਾਂ ਨੂੰ ਯੋਗ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਭਾਰਤ ਵੱਲੋਂ ਮਨੁੱਖਤਾ ਨੂੰ ਇੱਕ ਅਨਮੋਲ ਤੋਹਫ਼ਾ ਹੈ।

ਉਨ੍ਹਾਂ ਕਿਹਾ ਕਿ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਹੁਣ ਇੱਕ ਸ਼ਾਨਦਾਰ ਜਸ਼ਨ ਬਣ ਗਿਆ ਹੈ, ਉਨ੍ਹਾਂ ਕਿਹਾ ਕਿ ਇਸ ਸਾਲ ਇਸ ਸਮਾਗਮ ਦਾ ਥੀਮ 'ਯੋਗਾ ਫਾਰ ਵਨ ਅਰਥ ਵਨ ਹੈਲਥ' ਹੈ। ਅੰਤ ਵਿਚ, ਕੁਝ ਸ਼ਹਿਰਾਂ ਦੀਆਂ ਉਦਾਹਰਣਾਂ ਦਿੰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਪਾਣੀਪਤ, ਤਿਰੂਪੁਰ ਅਤੇ ਬੰਗਲੁਰੂ ਵਰਗੇ ਸ਼ਹਿਰ ਟੈਕਸਟਾਈਲ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਨਵੇਂ ਤਰੀਕੇ ਅਪਣਾ ਰਹੇ ਹਨ। ਉਨ੍ਹਾਂ ਕਿਹਾ ਕਿ ਪਾਣੀਪਤ ਹੁਣ ਟੈਕਸਟਾਈਲ ਰੀਸਾਈਕਲਿੰਗ ਲਈ ਇੱਕ ਗਲੋਬਲ ਹੱਬ ਬਣ ਰਿਹਾ ਹੈ ਅਤੇ ਬੰਗਲੁਰੂ ਵਿੱਚ ਇਸ ਖੇਤਰ ਵਿਚ ਕਈ ਨਵੀਨਤਾਕਾਰੀ ਤਕਨੀਕੀ ਹੱਲ ਆ ਰਹੇ ਹਨ।

## ਕਟਕ ਵਿੱਚ ਪਟੜੀ ਤੋਂ ਲੱਥੀ ਬੰਗਲੁਰੂ-ਕਾਮਾਖਿਆ ਸੁਪਰਫਾਸਟ ਐਕਸਪ੍ਰੈੱਸ; 7 ਜ਼ਖ਼ਮੀ



ਕਟਕ (ਉੜੀਸਾ), 30 ਮਾਰਚ (ਪ੍ਰਤੀਨਿਧੀ) : ਇੱਥੇ ਅੱਜ ਸਵੇਰੇ 11:54 ਬੰਗਲੁਰੂ ਕਾਮਾਖਿਆ ਸੁਪਰਫਾਸਟ ਐਕਸਪ੍ਰੈੱਸ (12551) ਪਟੜੀ ਤੋਂ ਲੱਥ ਗਈ। ਇਸ ਦੌਰਾਨ ਰੇਲ ਗੱਡੀ ਦੇ 11 ਏਸੀ ਡੱਬੇ ਹੇਠਾਂ ਉਤਰ ਗਏ। ਇਹ ਹਾਦਸਾ ਨੇਰਗੁੰਡੀ ਸਟੇਸ਼ਨ ਲਾਗੇ ਵਾਪਰਿਆ। ਇਸ ਕਾਰਨ ਸੱਤ ਯਾਤਰੀਆਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ ਜਿਨ੍ਹਾਂ ਨੂੰ ਨੇੜਲੇ ਹਸਪਤਾਲਾਂ ਵਿਚ ਪਹੁੰਚਾਇਆ ਜਾ ਰਿਹਾ ਹੈ। ਦੂਜੇ ਪਾਸੇ ਈਸਟ ਕੋਸਟ ਰੇਲਵੇ ਦੇ ਪੀਆਰਓ ਅਸ਼ੋਕ ਮਿਸ਼ਰਾ ਨੇ ਏਜੰਸੀ ਨੂੰ ਦੱਸਿਆ ਕਿ ਸਾਰੇ ਯਾਤਰੀ ਸੁਰੱਖਿਅਤ ਹਨ। ਘਟਨਾ ਸਥਾਨ 'ਤੇ ਮੈਡੀਕਲ ਤੇ ਐਮਰਜੈਂਸੀ ਟੀਮਾਂ ਭੇਜੀਆਂ ਗਈਆਂ ਹਨ। ਇਸ ਤੋਂ ਇਲਾਵਾ ਐਕਸੀਡੈਂਟ ਰਿਲੀਫ ਰੇਲ ਗੱਡੀ ਵੀ ਭੇਜੀ ਗਈ ਹੈ। ਇਸ ਕਾਰਨ ਕਈ ਗੱਡੀਆਂ ਲੇਟ ਹੋ ਗਈਆਂ ਤੇ ਕਈ ਗੱਡੀਆਂ ਦੇ ਰੂਟ ਬਦਲੇ ਗਏ ਹਨ।

## ਆਰ.ਐਸ.ਐਸ. ਦੇ ਬਾਨੀ ਦਾ ਸਮਾਰਕ ਭਾਰਤੀ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਨੂੰ ਸਮਰਪਿਤ: ਮੋਦੀ

ਨਾਗਪੁਰ, 30 ਮਾਰਚ (ਪ੍ਰਤੀਨਿਧੀ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਾਗਪੁਰ ਦੇ ਹੈਡਗੇਵਾਰ ਸਮ੍ਰਿਤੀ ਮੰਦਰ ਦਾ ਦੌਰਾ ਕਰਦਿਆਂ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਬਾਨੀ ਡਾ. ਕੇਸ਼ਵ ਬਲੀਰਾਮ ਹੈਡਗੇਵਾਰ ਅਤੇ ਦੂਜੇ ਸਰਸੰਘਚਾਲਕ (ਮੁਖੀ) ਐਮ ਐਸ ਗੋਲਵਾਲਕਰ ਨੂੰ ਸਮਰਪਿਤ ਸਮਾਰਕਾਂ 'ਤੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਡਾ. ਹੈਡਗੇਵਾਰ ਨੇ ਦੇਸ਼ ਦੀ ਆਜ਼ਾਦੀ 'ਚ ਵੀ ਅਹਿਮ ਯੋਗਦਾਨ ਪਾਇਆ ਸੀ। ਉਨ੍ਹਾਂ ਮੁਤਾਬਕ ਸੰਘ ਬਾਨੀ ਨੇ ਪੂਰੇ ਸਮਾਜ ਨੂੰ ਇਕਜੁੱਟ ਕਰਨ ਲਈ ਹੰਭਲਾ ਮਾਰਿਆ ਸੀ ਅਤੇ ਅੱਜ ਵੀ ਹਜ਼ਾਰਾਂ ਨੌਜਵਾਨ ਉਨ੍ਹਾਂ ਵੱਲੋਂ ਦਿਖਾਏ ਗਏ ਮਾਰਗ 'ਤੇ ਚੱਲ ਰਹੇ ਹਨ।



ਆਰਐਸਐਸ ਦੇ ਪ੍ਰਸ਼ਾਸਕੀ ਮੁੱਖ ਦਫ਼ਤਰ ਰੇਸ਼ਿਮਬਾਗ ਵਿੱਚ ਸਮ੍ਰਿਤੀ ਮੰਦਰ ਦੇ ਦੌਰੇ ਮੌਕੇ ਆਰਐਸਐਸ ਮੁਖੀ ਮੋਹਨ ਭਾਗਵਤ, ਸੰਘ ਦੇ ਸਾਬਕਾ ਜਨਰਲ ਸਕੱਤਰ ਸੁਰੇਸ਼ ਭਈਆਜੀ ਜੋਸ਼ੀ, ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਮੌਜੂਦ ਸਨ। ਸ੍ਰੀ ਮੋਦੀ ਨੇ ਸਮਾਰਕ 'ਤੇ ਸਥਿਤ ਸਮ੍ਰਿਤੀ ਭਵਨ ਵਿੱਚ ਆਰਐਸਐਸ ਦੇ ਅਧਿਕਾਰੀਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਤਸਵੀਰਾਂ ਵੀ ਖਿਚਵਾਈਆਂ। ਇਹ ਯਾਦਗਾਰਾਂ ਭਾਰਤੀ ਸੱਭਿਆਚਾਰ, ਰਾਸ਼ਟਰਵਾਦ ਅਤੇ ਸੰਗਠਨ ਦੀਆਂ ਕਦਰਾਂ-ਕੀਮਤਾਂ ਨੂੰ ਸਮਰਪਿਤ ਹਨ। ਇਸ ਤੋਂ ਬਾਅਦ ਸ੍ਰੀ ਮੋਦੀ ਨੇ ਸਮਾਗਮ ਸਥਾਨ 'ਤੇ ਇੱਕ ਸੰਦੇਸ਼ ਪੁਸਤਕ ਵਿੱਚ ਲਿਖਿਆ, 'ਆਰਐਸਐਸ ਦੇ ਦੋ ਮਜ਼ਬੂਤ ? ?ਥੰਮ੍ਹਾਂ ਦੀ ਯਾਦਗਾਰ ਲੱਖਾਂ ਸਵੈਮ ਸੇਵਕਾਂ ਲਈ ਪ੍ਰੇਰਨਾਸਰੋਤ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਰਾਸ਼ਟਰ ਦੀ ਸੇਵਾ ਲਈ ਸਮਰਪਿਤ ਕੀਤਾ। ਮੈਂ ਸਮ੍ਰਿਤੀ ਮੰਦਰ ਦਾ ਦੌਰਾ ਕਰਕੇ ਬਹੁਤ ਖੁਸ਼ ਹਾਂ ਜੋ ਮਹਾਨ ਵਿਅਕਤੀਆਂ ਦੀਆਂ ਯਾਦਾਂ ਨੂੰ ਸੰਭਾਲਦਾ ਹੈ।' ਦੱਸਣਯੋਗ ਹੈ ਕਿ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਇੱਥੇ ਆਏ ਹਨ।

## ਮਨੀਪੁਰ ਵਿੱਚ ਤਿੰਨ ਦਹਿਸ਼ਤਗਰਦ ਗ੍ਰਿਫ਼ਤਾਰ



ਇੰਫਾਲ, 30 ਮਾਰਚ (ਪ੍ਰਤੀਨਿਧੀ) : ਮਨੀਪੁਰ ਦੇ ਵੱਖ-ਵੱਖ ਹਿੱਸਿਆਂ ਤੋਂ ਦਹਿਸ਼ਤੀ ਕਾਰਵਾਈਆਂ ਦੇ ਦੋਸ਼ ਹੇਠ ਤਿੰਨ ਦਹਿਸ਼ਤਗਰਦਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪਾਬੰਦੀਸ਼ੁਦਾ ਪ੍ਰੀ ਪਾਕ (ਪ੍ਰੋ) ਦੇ ਇੱਕ ਮੈਂਬਰ ਨੂੰ ਪੱਛਮੀ ਇੰਫਾਲ ਜ਼ਿਲ੍ਹੇ ਦੇ ਖੁਰਕੁਲ ਤੋਂ ਗ੍ਰਿਫ਼ਤਾਰ ਕੀਤਾ ਗਿਆ। ਉਸਦੀ ਪਛਾਣ ਨਿੰਗਥੌਜਮ ਬੋਬੋਏ ਸਿੰਘ ਉਰਫ਼ ਖੋਂਗਨੰਗਥਾਬਾ (37) ਵਜੋਂ ਹੋਈ। ਇਸ ਤੋਂ ਇਲਾਵਾ ਪਾਬੰਦੀਸ਼ੁਦਾ ਕੇਸੀਪੀ (ਪੀਡਬਲਿਊਜੀ) ਦੇ ਇੱਕ ਮੈਂਬਰ ਨੂੰ ਇੰਫਾਲ ਪੂਰਬੀ ਜ਼ਿਲ੍ਹੇ ਦੇ ਸਾਓਮਬੰਗ ਵਿੱਚ ਉਸਦੇ ਘਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਉਸ ਦੀ ਪਛਾਣ ਸਨਾਸਮ ਸੋਨਮਿਤ ਸਿੰਘ (27) ਵਜੋਂ ਹੋਈ। ਕੇਸੀਪੀ (ਸਿਟੀ ਮੇਈਤੇਈ) ਦੇ ਇੱਕ ਦਹਿਸ਼ਤਗਰਦ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਪੁਲੀਸ ਨੇ ਕਿਹਾ ਕਿ ਉਸ ਦੀ ਪਛਾਣ ਸ਼ਾਰੁੰਗਬਮ ਥੋਇਬਾ ਸਿੰਘ (43) ਵਜੋਂ ਹੋਈ। ਇੱਕ ਹੋਰ ਕਾਰਵਾਈ ਵਿੱਚ ਇੱਕ 32 ਸਾਲਾ ਵਿਅਕਤੀ ਨੂੰ ਕਥਿਤ ਤੌਰ 'ਤੇ ਅਤਿਵਾਦੀਆਂ ਨੂੰ ਸਿਮ ਕਾਰਡ ਵੇਚਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ।

## ਛੱਤੀਸਗੜ੍ਹ 'ਚ 50 ਨਕਸਲੀਆਂ ਨੇ ਕੀਤਾ ਸਰੰਡਰ

ਬੀਜਾਪੁਰ, 30 ਮਾਰਚ (ਪ੍ਰਤੀਨਿਧੀ): ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ 'ਚ ਐਤਵਾਰ ਨੂੰ 50 ਨਕਸਲੀਆਂ ਨੇ ਆਤਮ ਸਮਰਪਣ ਕਰ ਦਿੱਤਾ। ਇਨ੍ਹਾਂ 'ਚੋਂ 14 ਨਕਸਲੀਆਂ 'ਤੇ ਕੁੱਲ 68 ਲੱਖ ਰੁਪਏ ਦਾ ਇਨਾਮ ਸੀ। ਪੁਲਸ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਇਹ ਆਤਮ ਸਮਰਪਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜ ਦੇ ਦੌਰੇ ਤੋਂ ਕੁਝ ਘੰਟੇ ਪਹਿਲੇ ਹੋਇਆ ਹੈ। ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੇ (ਨਕਸਲੀਆਂ ਨੇ) ਰਾਜ ਪੁਲਸ ਸੁਪਰਡੈਂਟ ਜਿਤੇਂਦਰ ਕੁਮਾਰ ਯਾਦਵ ਨੇ ਕਿਹਾ,"ਨਕਸਲੀਆਂ ਨੇ ਖੋਖਲ੍ਹੀ ਅਤੇ ਅਣਮਨੁੱਖੀ ਮਾਓਵਾਦੀ ਵਿਚਾਰਧਾਰਾ, ਪਾਬੰਦੀਸ਼ੁਦਾ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਸੀਨੀਅਰ ਨੇਤਾਵਾਂ ਵਲੋਂ ਆਦਿਵਾਸੀਆਂ ਦੇ ਸ਼ੋਸ਼ਣ ਅਤੇ ਅੰਦੋਲਨ ਦੇ ਅੰਦਰ ਵਧ ਰਹੇ ਮਤਭੇਦਾਂ ਦਾ ਹਵਾਲਾ ਦਿੰਦੇ ਹੋਏ ਆਤਮ ਸਮਰਪਣ ਕੀਤਾ।

## ਮਨੀਪੁਰ, ਅਰੁਣਾਚਲ ਪ੍ਰਦੇਸ਼ ਤੇ ਨਾਗਾਲੈਂਡ ਦੇ ਕੁਝ ਹਿੱਸਿਆਂ 'ਚ ਅਫਸਪਾ ਛੇ ਮਹੀਨੇ ਲਈ ਵਧਾਇਆ

ਨਵੀਂ ਦਿੱਲੀ, 30 ਮਾਰਚ (ਪ੍ਰਤੀਨਿਧੀ): ਕੇਂਦਰੀ ਗ੍ਰਹਿ ਮੰਤਰਾਲੇ ਨੇ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਨੂੰ ਮਨੀਪੁਰ ਦੇ 13 ਪੁਲੀਸ ਸਟੇਸ਼ਨ ਖੇਤਰਾਂ ਨੂੰ ਛੱਡ ਕੇ ਸਾਰੇ ਮਨੀਪੁਰ ਵਿਚ ਵਧਾ ਦਿੱਤਾ ਹੈ। ਇਸ ਤੋਂ ਇਲਾਵਾ ਅਰੁਣਾਚਲ ਪ੍ਰਦੇਸ਼ ਤੇ ਨਾਗਾਲੈਂਡ ਦੇ ਕੁਝ ਜ਼ਿਲ੍ਹਿਆਂ ਵਿਚ ਵੀ ਅਫਸਪਾ ਵਧਾਇਆ ਗਿਆ ਹੈ।



ਇਹ ਪਤਾ ਲੱਗਿਆ ਹੈ ਕਿ ਅਰੁਣਾਚਲ ਪ੍ਰਦੇਸ਼ ਦੇ ਤਿਰਪ, ਚਾਂਗਲਾਂਗ ਅਤੇ ਲੋਂਗਡਿੰਗ ਜ਼ਿਲ੍ਹਿਆਂ ਅਤੇ ਸੂਬੇ ਦੇ ਤਿੰਨ ਪੁਲੀਸ ਥਾਣਾ ਖੇਤਰਾਂ ਵਿਚ ਅਫਸਪਾ ਛੇ 6 ਮਹੀਨਿਆਂ ਲਈ ਵਧਾਇਆ ਗਿਆ ਹੈ। ਇਸ ਤੋਂ ਇਲਾਵਾ ਨਾਗਾਲੈਂਡ ਦੇ ਕਈ ਜ਼ਿਲ੍ਹਿਆਂ ਵਿੱਚ ਅਫਸਪਾ ਛੇ ਮਹੀਨਿਆਂ ਲਈ ਵਧਾਇਆ ਗਿਆ ਹੈ।

ਜਾਣਕਾਰੀ ਅਨੁਸਾਰ ਮਨੀਪੁਰ ਵਿੱਚ ਹਿੰਸਾ ਕਾਰਨ ਅਫਸਪਾ ਵਧਾਇਆ ਗਿਆ ਹੈ। ਇਹ ਕਾਨੂੰਨ ਹਿੰਸਾਂ ਵਾਲੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਹਥਿਆਰਬੰਦ ਬਲਾਂ ਨੂੰ ਲੋੜ ਪੈਣ 'ਤੇ ਤਲਾਸ਼ੀ ਲੈਣ, ਗ੍ਰਿਫ਼ਤਾਰ ਕਰਨ ਅਤੇ ਗੋਲੀਬਾਰੀ ਕਰਨ ਦੀਆਂ ਵਿਆਪਕ ਸ਼ਕਤੀਆਂ ਦਿੰਦਾ ਹੈ।

ਮਨੀਪੁਰ ਨਾਲ ਸਬੰਧਤ ਨੋਟਿਸ ਵਿਚ ਲਿਖਿਆ ਗਿਆ ਹੈ ਕਿ ਕੇਂਦਰ ਸਰਕਾਰ ਮਨੀਪੁਰ ਰਾਜ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਦੀ ਸਮੀਖਿਆ ਕਰਨ ਤੋਂ ਬਾਅਦ, ਹਥਿਆਰਬੰਦ ਬਲ (ਵਿਸ਼ੇਸ਼ ਸ਼ਕਤੀਆਂ) ਐਕਟ, 1958 (1958 ਦਾ 28) ਦੀ ਧਾਰਾ 3 ਰਾਹੀਂ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, 5 ਜ਼ਿਲ੍ਹਿਆਂ ਦੇ ਹੇਠ ਲਿਖੇ 13 (ਤੇਰਾਂ) ਪੁਲੀਸ ਥਾਣਿਆਂ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਖੇਤਰਾਂ ਨੂੰ ਛੱਡ ਕੇ, ਪੂਰੇ ਮਨੀਪੁਰ ਰਾਜ ਨੂੰ ਪਹਿਲੀ ਅਪਰੈਲ ਤੋਂ ਛੇ ਮਹੀਨਿਆਂ ਦੀ ਮਿਆਦ ਲਈ ਹਿੰਸਾ ਵਾਲੇ ਖੇਤਰ ਐਲਾਨਦੀ ਹੈ। ਇਸ ਤੋਂ ਇਲਾਵਾ ਇੰਫਾਲ, ਲਮਫਾਲ, ਸ਼ਹਿਰ, ਸਿੰਜਮੇਈ, ਪਾਤਸੋਈ, ਵਾਂਗੋਈ, ਪੋਰੋਮਪਤ, ਹੀਂਗਾਂਗ, ਇਰਿਲਬੰਗ, ਥੌਬਲ, ਬਿਸ਼ਨੂਪੁ, ਨੰਬੋਲ ਅਤੇ ਕਾਕਚਿੰਗ ਵਿਚ ਅਫਸਪਾ ਨਹੀਂ ਲਾਇਆ ਗਿਆ।

## ਲਾਲੂ ਜੀ ਨੇ ਗਾਵਾਂ ਦਾ ਚਾਰਾ ਵੀ ਖਾ ਲਿਆ, ਉਹ ਲੋਕਾਂ ਦੀ ਭਲਾਈ ਬਾਰੇ ਨਹੀਂ ਸੋਚ ਸਕਦੇ : ਅਮਿਤ ਸ਼ਾਹ

ਗੋਪਾਲਗੰਜ, 30 ਮਾਰਚ (ਪ੍ਰਤੀਨਿਧੀ): ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਸੁਪਰੀਮੋ ਲਾਲੂ ਪ੍ਰਸਾਦ 'ਤੇ ਸਿੱਧਾ ਹਮਲਾ ਕਰਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਨੂੰ ਕਿਹਾ ਕਿ ÷ਜੋ ਲੋਕ ਗਾਵਾਂ ਦਾ ਚਾਰਾ ਖਾਂਦੇ ਹਨ, ਉਹ ਬਿਹਾਰ ਦੇ ਲੋਕਾਂ ਦੀ ਭਲਾਈ ਬਾਰੇ ਨਹੀਂ ਸੋਚ ਸਕਦੇ।÷ ਗੋਪਾਲਗੰਜ 'ਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਕਿਹਾ,÷ਕੇਂਦਰ ਅਤੇ ਬਿਹਾਰ ਦੋਵਾਂ ਜਗ੍ਹਾ ਦੀਆਂ ਐਨਡੀਏ ਸਰਕਾਰਾਂ ਰਾਜ ਦੇ ਸਮੁੱਚੇ ਵਿਕਾਸ ਲਈ ਕੰਮ ਕਰ ਰਹੀਆਂ ਹਨ। ਜੋ ਲੋਕ ਪਸ਼ੂਆਂ ਦਾ ਚਾਰਾ ਖਾਂਦੇ ਹਨ, ਉਹ ਰਾਜ ਦੇ ਲੋਕਾਂ ਦੀ ਭਲਾਈ ਬਾਰੇ ਨਹੀਂ ਸੋਚ ਸਕਦੇ। ਲਾਲੂ ਜੀ ਹੜ੍ਹ ਰਾਹਤ ਸਮੱਗਰੀ ਸਪਲਾਈ ਘਪਲੇ, ਚਰਵਾਹਾ ਸਕੂਲ



ਘਪਲੇ 'ਚ ਸ਼ਾਮਲ ਸਨ... ਉਨ੍ਹਾਂ ਨੇ ਗਾਂਵਾਂ ਦਾ ਚਾਰਾ ਵੀ ਖਾਧਾ।÷

ਭਾਜਪਾ ਆਗੂ ਨੇ ਦੋਸ਼ ਲਗਾਇਆ,"ਇੱਥੇ (ਬਿਹਾਰ) ਲਾਲੂ-ਰਾਬੜੀ ਸਰਕਾਰ ਅਤੇ ਕੇਂਦਰ 'ਚ ਸੋਨੀਆ-ਮਨਮੋਹਨ ਸਰਕਾਰ ਨੇ ਬਿਹਾਰ ਲਈ ਕੁਝ ਨਹੀਂ ਕੀਤਾ। ਲਾਲੂ ਪ੍ਰਸਾਦ ਨੇ ਸਿਰਫ਼ ਆਪਣੇ ਪਰਿਵਾਰ ਲਈ ਕੰਮ ਕੀਤਾ।" ਉਨ੍ਹਾਂ ਕਿਹਾ,"ਲਾਲੂ ਪ੍ਰਸਾਦ ਨੇ ਆਪਣੇ ਪੁੱਤਾਂ ਨੂੰ ਮੁੱਖ ਮੰਤਰੀ ਬਣਾਉਣ ਦੀ ਕੋਸ਼ਿਸ਼ ਕੀਤੀ... ਆਪਣੀ ਪਤਨੀ ਨੂੰ ਬਿਹਾਰ ਦੀ ਮੁੱਖ ਮੰਤਰੀ ਬਣਾਉਣ ਦੀ ਤਿਆਰੀ ਕਰ ਰਹੇ ਹਨ, ਆਪਣੀ ਬੇਟੀ ਨੂੰ ਰਾਜ ਸਭਾ ਭੇਜਿਆ ਪਰ ਲੋਕਾਂ ਲਈ ਕੁਝ ਨਹੀਂ ਕੀਤਾ। ਜਦੋਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਅਗਵਾਈ 'ਚ ਆਰਜੇਡੀ ਸਰਕਾਰ ਬਿਹਾਰ ਦੇ ਸਮੁੱਚੇ ਵਿਕਾਸ ਲਈ ਕੰਮ ਕਰ ਰਹੀ ਹੈ।" ਸ਼ਾਹ ਨੇ ਕਿਹਾ ਕਿ ਅਗਲੇ 5 ਸਾਲਾਂ 'ਚ ਬਿਹਾਰ ਨੂੰ ਹੜ੍ਹ ਮੁਕਤ ਬਣਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰਾਸ਼ਟਰੀ ਜਨਤਾਂਤਰਿਕ ਗਠਜੋੜ (ਰਾਜਗ) ਸਰਕਾਰ ਬਿਹਾਰ 'ਚ ਦੇਵੀ ਸੀਤਾ ਦੇ ਜਨਮ ਸਥਾਨ (ਪੁਨੌਰਾ ਧਾਮ) 'ਤੇ ਇਕ ਸ਼ਾਨਦਾਰ ਮੰਦਰ ਦਾ ਨਿਰਮਾਣ ਵੀ ਕਰ ਰਹੀ ਹੈ।

## ਸੋਨਾ 995 ਰੁਪਏ 'ਚ ਹੋਇਆ , ਚਾਂਦੀ ਵੀ ਪਹੁੰਚੀ 1 ਲੱਖ ਤੋਂ ਪਾਰ

ਨਵੀਂ ਦਿੱਲੀ, 30 ਮਾਰਚ (ਪ੍ਰਤੀਨਿਧੀ) : ਇਸ ਹਫਤੇ ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਭਾਰੀ ਵਾਧਾ ਦੇਖਣ ਨੂੰ ਮਿਲਿਆ ਹੈ। ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ (ਆਈਬੀਜੇਏ) ਦੀ ਵੈੱਬਸਾਈਟ ਮੁਤਾਬਕ ਪਿਛਲੇ ਸ਼ਨੀਵਾਰ ਯਾਨੀ 22 ਮਾਰਚ ਨੂੰ ਸੋਨਾ 88,169 ਰੁਪਏ 'ਤੇ ਸੀ, ਜਿਹੜਾ ਕਿ ਹੁਣ ਵਧ ਕੇ 89,164 ਰੁਪਏ ਪ੍ਰਤੀ 10 ਗ੍ਰਾਮ ਹੋ ਗਿਆ ਹੈ। ਭਾਵ ਇਸ ਹਫਤੇ ਸੋਨਾ ਲਗਭਗ 995 ਰੁਪਏ ਮਹਿੰਗਾ ਹੋ ਗਿਆ ਹੈ।

ਦੂਜੇ ਪਾਸੇ ਚਾਂਦੀ ਦੀ ਕੀਮਤ ਪਿਛਲੇ ਸ਼ਨੀਵਾਰ 97,620 ਰੁਪਏ ਸੀ। ਇਸ ਹਫ਼ਤੇ ਚਾਂਦੀ ਦੀ ਕੀਮਤ 3,272 ਰੁਪਏ ਵਧ ਕੇ 1,00,892 ਰੁਪਏ ਪ੍ਰਤੀ



ਕਿਲੋਗ੍ਰਾਮ ਹੋ ਗਈ ਹੈ। ਇਸ ਤਰ੍ਹਾਂ ਇਕ ਹਫਤੇ ਦਰਮਿਆਨ ਇਸ ਦੀ ਕੀਮਤ 'ਚ 3,272 ਰੁਪਏ ਦਾ ਵਾਧਾ ਦੇਖਣ ਨੂੰ ਮਿਲਿਆ ਹੈ। 28 ਮਾਰਚ ਨੂੰ ਚਾਂਦੀ ਨੇ 1,00,934 ਰੁਪਏ ਅਤੇ ਸੋਨਾ 89,306 ਰੁਪਏ ਦੇ ਸਰਵਕਾਲੀ ਉੱਚ ਪੱਧਰ 'ਤੇ ਪਹੁੰਚ ਗਿਆ ਸੀ।

*ਵਿਗਿਆਨੀਆਂ ਨੇ ਦਿਤੀ ਚਿਤਾਵਨੀ*

## ਮਿਆਂਮਾਰ 'ਚ ਅਗਲੇ ਤਿੰਨ ਮਹੀਨੇ ਲਗਦੇ ਰਹਿਣਗੇ ਭੂਚਾਲ ਦੇ ਝਟਕੇ

ਬੈਂਕਾਕ, 30 ਮਾਰਚ (ਪ੍ਰਤੀਨਿਧੀ) : ਸ਼ੁੱਕਰਵਾਰ ਨੂੰ ਮਿਆਂਮਾਰ ਵਿਚ ਆਏ ਵਿਨਾਸ਼ਕਾਰੀ ਭੂਚਾਲ ਦਾ ਡਰ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਵਿਚ ਡੂੰਘਾ ਕਰ ਦਿਤਾ ਹੈ। 7.7 ਤੀਬਰਤਾ ਦੇ ਇਕ ਵੱਡੇ ਭੂਚਾਲ ਨੇ ਮਿਆਂਮਾਰ ਵਿਚ ਭਾਰੀ ਤਬਾਹੀ ਮਚਾਈ ਅਤੇ ਲਗਭਗ 1600 ਲੋਕਾਂ ਦੀ ਮੌਤ ਹੋ ਗਈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਮੌਤਾਂ ਦਾ ਅੰਕੜਾ 10000 ਤੋਂ ਪਾਰ ਹੋ ਸਕਦਾ ਹੈ। ਹੁਣ ਭੂ-ਵਿਗਿਆਨੀਆਂ ਵਲੋਂ ਭੂਚਾਲ ਦੇ ਝਟਕਿਆਂ ਬਾਰੇ ਨਵੀਂ ਚਿਤਾਵਨੀ ਜਾਰੀ ਕੀਤੀ ਗਈ ਹੈ।

ਭੂ-ਵਿਗਿਆਨੀ ਜੈਸ ਫ਼ੀਨਿਕਸ ਅਨੁਸਾਰ ਮਿਆਂਮਾਰ ਵਿਚ ਇਸ ਤੀਬਰਤਾ ਦੇ ਭੂਚਾਲ ਨੇ 334



ਪਰਮਾਣੂ ਬੰਬਾਂ ਦੇ ਵਿਸਫੋਟ ਜਿੰਨੀ ਊਰਜਾ ਛੱਡੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ 7.7 ਤੀਬਰਤਾ ਵਾਲੇ ਭੂਚਾਲ ਤੋਂ ਬਾਅਦ, ਖੇਤਰ ਵਿਚ ਲੰਬੇ ਸਮੇਂ ਤਕ ਝਟਕੇ ਲੱਗ ਸਕਦੇ ਹਨ। ਭੂ-ਵਿਗਿਆਨੀ ਫ਼ੀਨਿਕਸ ਨੇ ਦਸਿਆ ਕਿ ਮਿਆਂਮਾਰ ਦੇ ਇਸ ਖੇਤਰ ਦੇ ਲੋਕਾਂ ਨੂੰ ਮਹੀਨਿਆਂ ਤਕ ਭੂਚਾਲ ਦੇ ਝਟਕਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਭਾਰਤੀ ਟੈਕਟੋਨਿਕ ਪਲੇਟ ਯੂਰੇਸ਼ੀਅਨ ਪਲੇਟ ਨਾਲ ਟਕਰਾ ਰਹੀ ਹੈ।

### ਮਿਆਂਮਾਰ ਵਿੱਚ ਮੁੜ ਆਇਆ 5.1 ਤੀਬਰਤਾ ਵਾਲਾ ਭੂਚਾਲ

ਬੈਂਕਾਕ, 30 ਮਾਰਚ (ਪ੍ਰਤੀਨਿਧੀ): ਮਿਆਂਮਾਰ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮਾਂਡਲੇ ਨੇੜੇ ਅੱਜ 5.1 ਤੀਬਰਤਾ ਦਾ ਭੂਚਾਲ ਆਇਆ। ਜ਼ਿਕਰਯੋਗ ਹੈ ਕਿ ਮਿਆਂਮਾਰ ਵਿਚ 7.7 ਸ਼ਿੱਦਤ ਵਾਲੇ ਭੂਚਾਲ ਤੋਂ ਬਾਅਦ ਕਈ ਵਾਰ ਭੂਚਾਲ ਦੇ ਝਟਕੇ ਆ ਚੁੱਕੇ ਹਨ। ਸ਼ੁੱਕਰਵਾਰ ਨੂੰ 7.7 ਤੀਬਰਤਾ ਵਾਲੇ ਭੂਚਾਲ ਨਾਲ ਕਈ ਇਮਾਰਤਾਂ ਢਹਿ ਗਈਆਂ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ ਸੀ।

## ਚੈਤਰ ਨਵਰਾਤਰੀ ਦੇ ਪਹਿਲੇ ਦਿਨ ਮਾਤਾ ਵੈਸ਼ਨੋ ਦੇਵੀ ਮੰਦਰ ਵਿਖੇ ਵੱਡੀ ਗਿਣਤੀ ਸ਼ਰਧਾਲੂ ਨਤਮਸਤਕ

ਕਟੜਾ (ਜੰਮੂ ਅਤੇ ਕਸ਼ਮੀਰ), 30 ਮਾਰਚ (ਪ੍ਰਤੀਨਿਧੀ) : ਇੱਥੋਂ ਦੇ ਮਾਤਾ ਵੈਸ਼ਨੋ ਦੇਵੀ ਮੰਦਰ ਵਿੱਚ ਅੱਜ ਸਵੇਰੇ ਚੈਤਰ ਨਵਰਾਤਰੀ ਦੇ ਪਹਿਲੇ ਦਿਨ ਵੱਡੀ ਗਿਣਤੀ ਸ਼ਰਧਾਲੂ ਮੱਥਾ ਟੇਕਣ ਆਏ। ਨੌਂ ਦਿਨਾਂ ਦੇ ਤਿਉਹਾਰ ਦੌਰਾਨ ਹਰ ਇਕ ਦਿਨ ਮਾਂ ਦੁਰਗਾ ਦੇ ਇੱਕ ਵੱਖਰੇ ਰੂਪ ਨੂੰ ਸਮਰਪਿਤ ਹੁੰਦਾ ਹੈ। ਪਹਿਲੇ ਦਿਨ ਸ਼ਰਧਾਲੂ ਮਾਂ ਸ਼ੈਲਪੁੱਤਰੀ ਦੀ ਪੂਜਾ ਕਰਦੇ ਹਨ। ਇਸ ਮੌਕੇ ਸੈਂਕੜੇ ਸ਼ਰਧਾਲੂ ਮੰਦਰ ਵਿੱਚ ਪ੍ਰਾਰਥਨਾ ਕਰਨ ਲਈ ਲਾਈਨਾਂ ਵਿੱਚ ਖੜ੍ਹੇ ਦਿਖਾਈ ਦਿੱਤੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਈ ਕੇਂਦਰੀ ਮੰਤਰੀਆਂ ਨੇ ਨਵਰਾਤਰੀ ਤਿਉਹਾਰ ਦੇ ਮੌਕੇ 'ਤੇ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ। ਉਨ੍ਹਾਂ ਨੇ ਹਿੰਦੂ ਨਵ ਵਰਸ਼ (ਨਵ ਸਮਵਤਸਰ) ਮੌਕੇ ਵੀ ਸ਼ੁਭਕਾਮਨਾਵਾਂ ਦਿੱਤੀਆਂ।



ਪ੍ਰਧਾਨ ਮੰਤਰੀ ਮੋਦੀ ਨੇ ਐਕਸ 'ਤੇ ਪੋਸਟ ਕਰਦਿਆਂ ਲਿਖਿਆ, 'ਦੇਸ਼ ਵਾਸੀਆਂ ਨੂੰ ਨਵਰਾਤਰੀ ਦੀਆਂ ਸ਼ੁਭਕਾਮਨਾਵਾਂ। ਸ਼ਕਤੀ-ਸਾਧਨਾ ਦਾ ਇਹ ਪਵਿੱਤਰ ਤਿਉਹਾਰ ਸਾਰਿਆਂ ਦੇ ਜੀਵਨ ਨੂੰ ਹਿੰਮਤ, ਸੰਜਮ ਅਤੇ ਸ਼ਕਤੀ ਨਾਲ ਭਰ ਦੇਵੇ, ਜੈ ਮਾਤਾ ਦੀ।' ਇਸ ਨੂੰ ਸ਼ਕਤੀ ਅਤੇ ਸਾਧਨਾ ਦਾ ਤਿਉਹਾਰ ਦੱਸਦੇ ਹੋਏ ਪ੍ਰਧਾਨ ਮੰਤਰੀ ਨੇ ਮਾਂ ਦੁਰਗਾ ਨੂੰ ਸਮਰਪਿਤ ਪ੍ਰਸਿੱਧ ਸ਼ਾਸਤਰੀ ਗਾਇਕ ਪੰਡਤ ਜਸਰਾਜ ਦਾ ਇੱਕ ਭਜਨ ਸਾਂਝਾ ਕੀਤਾ।

## ਸੰਪਾਦਕੀ

# ਸਰਕਾਰਾਂ ਦੇਸ਼ ਵਾਸੀਆਂ ਨੂੰ ਮੰਗਤੇ ਬਣਾਉਣ ਦੇ ਰਾਹ

ਭਾਰਤ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਹੈ, ਜੋ ਆਪਣੇ ਆਪ ਵਿੱਚ ਹੀ ਇੱਕ ਤ੍ਰਾਸਦੀ ਹੈ। ਕਿਉਂਕਿ ਏਨੀ ਵੱਡੀ ਆਬਾਦੀ ਨੂੰ ਖਾਣ ਅਤੇ ਪਹਿਨਣ ਤੋਂ ਇਲਾਵਾ ਰਹਿਣ ਲਈ ਵੀ ਛੱਤ ਦੀ ਲੋੜ ਹੈ। ਪਰ ਆਜ਼ਾਦੀ ਤੋਂ ਬਾਅਦ ਦੇਸ਼ ਦੀ ਆਬਾਦੀ ਵਿੱਚ ਵਿਸਫੋਟ ਦੀ ਤਰ੍ਹਾਂ ਵਾਧਾ ਹੋਇਆ। ਪਰ ਦੇਸ਼ ਦੇ ਵੱਡੀ ਵਿਣਤੀ ਵਸਿੰਦੇ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ ਅਤੇ ਜੁੱਲੀ ਤੋਂ ਸੱਖਣੇ ਹਨ। ਸਰਕਾਰਾਂ ਜਾਂ ਸਰਕਾਰਾਂ ’ਤੇ ਕਾਬਜ ਲੋਕਾਂ ਨੂੰ ਉਨ੍ਹਾਂ ਦੀ ਕੋਈ ਪ੍ਰਵਾਹ ਨਹੀਂ, ਉਹ ਸਾਢੇ ਚਾਰ ਸਾਲ ਇਨ੍ਹਾਂ ਦਾ ਖ਼ੂਨ ਚੂਸਦੇ ਹਨ ਤੇ ਵੋਟਾਂ ਤੋਂ ਪਹਿਲਾਂ ਲੁਭਾਉਣੇ ਵਾਅਦਿਆਂ ਨਾਲ ਇਹਨਾਂ ਨੂੰ ਪਤਿਆ ਲੈਂਦੇ ਹਨ ਤੇ ਇਹ ਮਜਬੂਰ ਲੋਕ ਫਿਰ ਇਨ੍ਹਾਂ ਨੇਤਾਵਾਂ ਤੇ ਸਿਆਸੀ ਪਾਰਟੀ ਦੇ ਮੱਕੜ ਜਾਲ ਵਿੱਚ ਫਸਕੇ ਆਪਣੇ ਕੀਮਤੀ ਵੋਟ ਦਾ ਮਹਿਜ਼ ਕੁਝ ਕੁ ਮੁਫ਼ਤ ਹਾਸਲ ਕਰਨ ਦੇ ਚੱਕਰ ਵਿੱਚ ਦਾਨ ਕਰ ਦਿੰਦੇ ਹਨ। ਸਭ ਤੋਂ ਅਹਿਮ ਗੱਲ ਇਹ ਹੈ ਕਿ ਜੋ ਸਿੱਖਿਆ ਵਿਵਸਥਾ ਦੇਸ਼ ਵਿੱਚ ਪ੍ਰਚੱਲਿਤ ਹੈ ਉਹ ਨਕਾਰਾ ਕਿਸਮ ਦੀ ਹੈ ਤੇ ਇਸ ਨਾਲ ਕੋਈ ਵੀ ਆਪਣੇ ਪੈਰਾਂ ’ਤੇ ਖੜ੍ਹਾ ਹੋਣ ਦੇ ਸਮਰੱਥ ਨਹੀਂ ਹੋ ਸਕਦਾ। ਕੁਝ ਕੁ ਕਿੱਤਾ ਮੁਖੀ ਕੋਰਸ ਅਜਿਹੇ ਹਨ ਜੋ ਆਮ ਆਦਮੀ ਦੀ ਪਹੁੰਚ ਵਿੱਚ ਨਹੀਂ ਹਨ, ਉਨ੍ਹਾਂ ’ਤੇ ਪਹਿਲਾਂ ਹੀ ਖ਼ੁਸ਼ਹਾਲ ਪਰਿਵਾਰਾਂ ਦੇ ਬੱਚੇ ਦਾਖ਼ਲਾ ਲੈਣ ਵਿੱਚ ਕਾਮਯਾਬ ਹੋ ਜਾਂਦੇ ਹਨ। ਹੁਣ ਗੱਲ ਵਿਸ਼ੇ ਦੀ ਕਰੀਏ ਤਾਂ ਸੋਚਣਾ ਬਣਦਾ ਹੈ ਕਿ ਆਖਰ ਲੋਕ ਸਿਆਸੀ ਨੇਤਾਵਾਂ ਦੇ ਮੁਫ਼ਤਖੋਰੀ ਦੇ ਵਾਅਦਿਆਂ ਵਿੱਚ ਫਸਦੇ ਹੀ ਕਿਉਂ ਹਨ? ਅਸਲੀਅਤ ਦੇ ਹੋਰ ਨੇੜੇ ਜਾਈਏ ਤਾਂ ਆਬਾਦੀ ਤੋਂ ਬਾਅਦ ਵੱਖ-ਵੱਖ ਰੰਗਾਂ ਦੀਆਂ ਸਰਕਾਰਾਂ ਦੇ ਕੰਮ ਕਰਨ ਦੇ ਤਰੀਕੇ ਅਤੇ ਸੋਚ ਅਵਾਮ ਪੱਖੀ ਨਹੀਂ ਰਹੀ। ਸਭ ਨਾਗਰਿਕਾਂ ਨੂੰ ਵੋਟ ਬੈਂਕ ਬਣਾਉਣ ਦੇ ਚੱਕਰ ਵਿੱਚ ਰਹੇ ਹਨ ਤੇ ਚੋਣਾਂ ਮੌਕੇ ਲੁਭਾਉਣੇ ਵਾਅਦੇ ਕਰਕੇ ਉਨ੍ਹਾਂ ਨਾਲ ਧ੍ਰੋਹ ਕਮਾਉਂਦੇ ਰਹੇ ਹਨ। ਹਰ ਸਾਲ ਲੱਖਾਂ ਨੌਜਵਾਨ ਪੜ੍ਹਾਈ ਉਪਰੰਤ ਪਹਿਲਾਂ ਤੋਂ ਹੀ ਲੰਮੀ ਹੁੰਦੀ ਜਾ ਰਹੀ ਬੇਰੁਜ਼ਗਾਰਾਂ ਦੀ ਭੀੜ ਵਿੱਚ ਜਾ ਸ਼ਾਮਲ ਹੁੰਦੇ ਹਨ। ਪਿਛਲੇ ਦਿਨੀਂ ਦਿੱਲੀ ਵਿਧਾਨ ਸਭਾ ਚੋਣਾਂ ਹੋਈਆਂ ਹਨ। ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਸਬਜਬਾਗ ਦਿਖਾਏ ਤੇ ਆਖਰ ਭਾਜਪਾ ਇਸ ਗਿੱਦੜ ਖੇਡ ਵਿਚ ਬਾਜੀ ਮਾਰ ਗਈ। ਆਮ ਆਦਮੀ ਪਾਰਟੀ ਨੇ ਔਰਤਾਂ ਨੂੰ ਦੋ-ਦੋ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ, ਜਦੋਂ ਕਿ ਉਹ ਪਿਛਲੀਆਂ ਚੋਣਾਂ ਮੌਕੇ ਔਰਤਾਂ ਨਾਲ ਅਜਿਹਾ ਵਾਅਦਾ ਕਰਕੇ ਖਰੀ ਨਹੀਂ ਸੀ ਉਤਰੀ। ਹੁਣ ਗੇਂਦ ਭਾਜਪਾ ਦੇ ਪਾਲੇ ਵਿਚ ਹੈ ਤੇ ਦੇਖਦੇ ਹਾਂ ਕਿ ਉਹ ਔਰਤਾਂ ਨਾਲ 2500 ਰੁਪਏ ਖਾਤਿਆਂ ਵਿਚ ਪਾਉਣ ਦਾ ਆਪਣਾ ਵਾਅਦਾ ਕਦੋਂ ਪੂਰਾ ਕਰਦੀ ਹੈ। ਪੰਜਾਬ ਵਿਚ ਵੀ ਉਨ੍ਹਾਂ ਚੋਣਾਂ ਮੌਕੇ 1000 ਰੁਪਏ ਦੇਣ ਦਾ ਵਾਅਦਾ ਕੀਤਾ ਸੀ, ਪਰ ਸਵਾ ਤਿੰਨ ਸਾਲ ਬੀਤਣ ਬਾਅਦ ਵੀ ਇਹ ਵਾਅਦਾ ਵਫ਼ਾ ਨਹੀਂ ਹੋ ਸਕਿਆ। ਪੰਜਾਬ ਵਿਚ ਲੋਕਾਂ ਨਾਲ ਮੁਫਤ ਖੋਰੀ ਵਾਲੇ ਵਾਅਦੇ ਕਰਨ ਦਾ ਆਗਾਜ਼ 1997 ਵਿਚ ਅਕਾਲੀ ਭਾਜਪਾ ਸਰਕਾਰ ਨੇ ਸ਼ੁਰੂ ਕੀਤਾ ਤੇ ਉਸਨੇ ਕਿਸਾਨਾਂ ਨੂੰ ਖੇਤੀ ਸੈਕਟਰ ਲਈ ਮੁਫ਼ਤ ਬਿਜਲੀ ਦੇਣ ਦਾ ਵਾਅਦਾ ਕੀਤਾ ਤੇ ਦਿੱਤੀ ਵੀ। ਫਿਰ 2002 ਵਿਚ ਉਸਨੇ ਆਟਾ ਦਾਲ ਸਕੀਮ ਦੇ ਨਾਂ ’ਤੇ ਵੋਟਰਾਂ ਨੂੰ ਭਰਮਾਇਆ। ਇਵੇਂ ਹੀ ਦਿੱਲੀ ਵਿਚ ਮੁਫ਼ਤ ਬਿਜਲੀ ਪਾਣੀ ਦਾ ਨਾਅਰਾ ਵੀ ਆਪ ਲਈ ਲਗਾਤਾਰ ਕੰਮ ਆਉਂਦਾ ਰਿਹਾ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਸਰਕਾਰਾਂ ਲੋਕਾਂ ਨੂੰ ਮੁਫ਼ਤ ਦੇਣ ਦਾ ਵਾਅਦਾ ਕਰਦੀਆਂ ਹੀ ਕਿਉਂ ਹਨ। ਅਸਲੀਅਤ ਇਹ ਹੈ ਕਿ ਜਰਜਰ ਸਿੱਖਿਆ ਪ੍ਰਣਾਲੀ ਦੇ ਚੱਲਦਿਆਂ ਲੋਕ ਵਿਹਲੜ ਅਤੇ ਬੇਕਾਰ ਹੋ ਕੇ ਰਹਿ ਗਏ ਹਨ। ਕੰਮ ਸੱਭਿਆਚਾਰ ਲੋਕ ਮਨਾਂ ’ਚੋਂ ਦਿਨ ਪ੍ਰਤੀਦਿਨ ਮਨਫ਼ੀ ਹੁੰਦਾ ਜਾ ਰਿਹਾ ਹੈ। ਕੋਈ ਵੀ ਉਦਾਹਰਣ ਨਹੀਂ ਕਿ ਚੋਣਾਂ ਮੌਕੇ ਲੋਕਾਂ ਨੇ ਸਿਆਸੀ ਆਗੂਆਂ ਕੋਲੋਂ ਮੁਫਤਖੋਰੀ ਦੇ ਵਾਅਦੇ ਦੇ ਉਲਟ ਕੰਮ ਜਾਂ ਨੌਕਰੀ ਦੇਣ ਦੀ ਮੰਗ ਕੀਤੀ ਹੋਵੇ। ਸਿਆਸੀ ਲੋਕਾਂ ਨੇ ਆਮ ਵੋਟਰਾਂ ਦੀ ਨਬਜ਼ ਪਛਾਣਕੇ ਇਹ ਮੁਫਤਖੋਰੀ ਦੇ ਹਥਿਆਰ ਆਪਣੇ ਲਈ ਬਣਾਕੇ ਰੱਖਿਆ ਹੈ ਸਾਢੇ ਚਾਰ ਸਾਲ ਬਾਅਦ ਇਸਨੂੰ ਝਾੜ ਪੂੰਝਕੇ ਇਨ੍ਹਾਂ ਹੀ ਲੋਕਾਂ ’ਤੇ ਚਲਾ ਦਿੱਤਾ ਜਾਂਦਾ ਹੈ। ਸਾਡੀ ਆਮ ਲੋਕਾਂ ਨੂੰ ਵੀ ਇਹ ਸਲਾਹ ਹੈ ਕਿ ਉਹ ਸਿਆਸੀ ਲੋਕਾਂ ਦੇ ਲੁਭਾਉਣੇ ਅਤੇ ਮੁਫਤਖੋਰੀ ਦੇ ਨਾਅਰਿਆਂ ਵਿਚ ਨਾ ਆ ਕੇ ਕੰਮ ਜਾਂ ਨੌਕਰੀਆਂ ਦੀ ਮੰਗ ਕਰਨ। ਮੁਫ਼ਤਖੋਰੀ ਦੇ ਵਾਅਦਿਆਂ ਨੂੰ ਮੁੱਢੋਂ ਰੱਦ ਕਰਕੇ ਅਜਿਹੇ ਆਗੂਆਂ ਦਾ ਬਾਈਕਾਟ ਕਰਨ ਜੋ ਮੁਫਤਖੋਰੀ ਦੇ ਵਾਅਦੇ ਕਰਦਾ। ਕਿਉਂਕਿ ਦਸਾਂ ਨਹੁੰਆਂ ਦੀ ਕਿਰਤ ਹੀ ਆਖਰ ਨੂੰ ਕੰਮ ਆਉਣੀ ਹੈ ਤੇ ਇਸੇ ਨੂੰ ਹੀ ਪਾਏਦਾਰ ਰਾਹ ਮੰਨਿਆ ਜਾ ਸਕਦਾ ਹੈ।

**-ਜਗਜੀਤ ਸਿੰਘ ਦਰਦੀ**

# ਬਦਲ ਰਹੇ ਹਨ ਪ੍ਰਗਟਾਵੇ ਦੀ ਆਜ਼ਾਦੀ ਦੇ ਅਰਥ ਸੋਸ਼ਲ ਮੀਡੀਆ ਤੇ ਯੂ ਟਿਊਬਰ ਹੁਣ ਨ.ਫਰਤੀ ਬਾਜ਼ਾਰ ਵਿੱਚ



ਪ੍ਰੋ . ਡਾ . ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156



ਅੱਜ ਪੂਰੀ ਦੁਨੀਆਂ ਦੇ ਵਿੱਚ ਸੋਸ਼ਲ ਮੀਡੀਆ ਇੱਕ ਵੱਡਾ ਬਾਜ਼ਾਰ ਬਣ ਚੁੱਕਾ ਹੈ ਅਤੇ ਇਸ ਦੀ ਪਹੁੰਚ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਚਾਰ ਸੌ ਕਰੋੜ ਤੋਂ ਜ਼ਿਆਦਾ ਲੋਕ ਹੁਣ ਇੰਟਰਨੈੱਟ ਦੇ ਘੇਰੇ ਵਿੱਚ ਹਨ। ਅੱਜ ਸੋਸ਼ਲ ਮੀਡੀਆ ’ਤੇ ਕੀਤੀ ਗਈ ਇੱਕ ਟਿੱਪਣੀ ਇੰਸਟੈਂਟ ਮਿੰਟਾਂ ਸਕਿੰਟਾਂ ਵਿੱਚ ਜਿਸ ਤਰ੍ਹਾਂ ਪੂਰੀ ਦੁਨੀਆਂ ਵਿੱਚ ਰਿਐਕਟ ਹੁੰਦੀ ਹੈ ਅਰਥਾਤ ਮਨੁੱਖੀ ਜੀਵਨ ਸੰਵੇਦਨਾਵਾਂ ਜਿਸ ਤਰ੍ਹਾਂ ਇੱਕ ਸੈਕਿੰਡ ਦੇ ਵਿੱਚ ਪੂਰੀ ਦੁਨੀਆਂ ਵਿੱਚ ਨਫ਼ਰਤ ,ਪਿਆਰ ਸੰਦੇਹ ਤੇ ਸਮਾਜ ਨੂੰ ਜੋੜਨ ਤੇ ਤੋੜਨ ਵਾਲੀਆਂ ਘਟਨਾਵਾਂ ਵਿੱਚ ਬਦਲ ਸਕਦੀਆਂ ਹਨ ਇਸ ਤੋਂ ਵੱਡਾ ਤਾਕਤਵਰ ਪਹੁੰਚ ਰੀਚ ਦਾ ਸੁਨੇਹਾ ਤੇ ਪ੍ਰਗਟਾਵੇ ਦੀ ਆਜ਼ਾਦੀ ਪਹਿਲਾਂ ਕਦੀ ਵੀ ਨਹੀਂ ਸੀ। ਪੂਰੀ ਦੁਨੀਆਂ ਦੇ ਵਿੱਚ ਤੇਜ਼ ਤਰਾਰ ਸੂਚਨਾ ਪ੍ਰਸਾਰਨ ਤੰਤਰ ਅਤੇ ਡਿਜ਼ੀਟਲ ਮੀਡੀਆ ਦੇ ਨਾਲ ਨਾਲ ਯੂਟਿਊਬ ਦੀ ਪਹੁੰਚ ਨੇ ਟੈਲੀਵਿਜ਼ਨ ਵਰਗੇ ਤੇ ਰੇਡੀਓ ਵਰਗੇ ਪੁਰਾਣੇ ਸੂਚਨਾ ਸੰਚਾਰ ਮਾਧਿਅਮ ਨੂੰ ਵੀ ਕਿਤੇ ਪਿੱਛੇ ਛੱਡ ਦਿੱਤਾ ਹੈ। ਪਿਛਲੇ ਇੱਕ ਦਹਾਕੇ ’ਚੋਂ ਸੰਚਾਰ ਮਾਧਿਅਮਾਂ ’ਚ ਆਈ ਕ੍ਰਾਂਤੀ ਨੇ ਅੱਜ ਨਵੀਂ ਦੁਨੀਆਂ ਵਿੱਚ ਡਿਜ਼ੀਟਲ ਮੀਡੀਆ ਦੀ ਪਹੁੰਚ ਨੂੰ ਜਿਸ ਤਰ੍ਹਾਂ ਅੱਗੇ ਲੈ ਆਂਦਾ ਹੈ ਉਸ ਨਾਲ ਉਹ ਓਟੀਟੀ ਪਲੇਟਫਾਰਮ ਅਤੇ ਡਿਜ਼ੀਟਲ ਮੀਡੀਆ ਵਿਸ਼ੇਸ਼ਕਰ ਸੋਸ਼ਲ ਮੀਡੀਆ ਯੂਟਿਊਬ ਦਾ ਜਿਸ ਤਰ੍ਹਾਂ ਦਾ ਪਰਿਵੇਸ਼ ਤੇ ਦ੍ਰਿਸ਼ ਤੁਹਾਡੇ ਸਾਹਮਣੇ ਆਇਆ ਹੈ ਉਹ ਬਿੱਲਕੁਲ ਹੈਰਾਨੀਜਨਕ ਹੈ। ਕਿਹਾ ਜਾਂਦਾ ਹੈ ਕਿ ਹੁਣ ਆਉਣ ਵਾਲੇ ਦਿਨਾਂ ਦੇ ਵਿੱਚ ਪਰਾਪੇਗੰਡੇ ਦਾ ਸਭ ਤੋਂ ਤੇਜ਼ ਤਰਾਰ ਹਥਿਆਰ ਸੋਸ਼ਲ ਮੀਡੀਆ ਹੀ ਹੈ ਅਤੇ ਉੱਥੇ ਪ੍ਰਗਟਾਵੇ ਦੀ ਆਜ਼ਾਦੀ ਤੁਸੀਂ ਸਿੱਧੇ ਰੂਪ ਵਿੱਚ ਹਾਂ ਨਾ ਪੱਖੀ ਜਾਂ ਨਫ਼ਰਤ ਜਾਂ ਪਿਆਰ ਦੀਆਂ ਸੰਭਾਵਨਾ ਨੂੰ ਪ੍ਰਗਟ ਕਰ ਸਕਦੇ ਹੋ।

ਜਿਹੜੀਆਂ ਸਿੱਧੇ ਤੌਰ ’ਤੇ ਮਨਾਂ ਨੂੰ ਮਨੋਵਿਗਿਆਨਕ ਅਤੇ ਸਮਾਜਿਕ ਤੌਰ ’ਤੇ ਪ੍ਰਭਾਵਿਤ ਕਰਦੀਆਂ ਹਨ। ਇਸ ਦਾ ਅਜਿਹਾ ਪ੍ਰਗਟਾਵਾ ਭਾਰਤ ਵਿੱਚ ਅਤੇ ਦੂਜੇ ਦੇਸ਼ਾਂ ਵਿੱਚ ਜਿਸ ਤਰ੍ਹਾਂ ਦਾ ਓਨਮਾਦੀ ਨਫ਼ਰਤੀ ਮੁਫ਼ਾਦ ਲਈ ਪ੍ਰਾਪੇਗੰਡਾ ਕਰ ਰਿਹਾ ਹੈ, ਉਸਦੀਆਂ ਕਈ ਉਦਾਹਰਨਾਂ ਅੱਜਕੱਲ੍ਹ ਖ਼ਬਰਾਂ ਵਿੱਚ ਹਨ। ਪਿਛਲੇ ਦਿਨਾਂ ਵਿੱਚ ਹੀ ਅਤੇ ਪਿਛਲੀਆਂ ਚੋਣਾਂ ਦੇ ਵਿੱਚ ਵੀ ਜਿਸ ਤਰ੍ਹਾਂ ਪੱਛਮੀ ਦੇਸ਼ਾਂ ਵਿੱਚ ਵਿਸ਼ੇਸ਼ਕਰ ਅਮਰੀਕਾ ਵਿੱਚ ਅਤੇ ਭਾਰਤ ਦੀਆਂ ਚੋਣਾਂ ਵਿੱਚ ਯੂਟਿਊਬ ਮੀਡੀਆ ਤੇ ਸੋਸ਼ਲ ਮੀਡੀਆ ਦੀ ਪਹੁੰਚ ਦਾ ਇੱਕ ਨਵਾਂ ਪ੍ਰਚਾਰ ਪ੍ਰਸਾਰ ਦਾ ਤੰਤਰ ਅਤੇ ਇੱਕ ਸ਼ਕਤੀਸ਼ਾਲੀ ਟੂਲ ਵਜੋਂ ਸੋਸ਼ਲ ਮੀਡੀਆ ਨੂੰ ਦੇਖਿਆ ਗਿਆ ਹੈ।

ਹੁਣ ਉਸ ਨੂੰ ਦੇਖਿਆਂ ਪਤਾ ਚੱਲਦਾ ਹੈ ਕਿ ਹੁਣ ਇਸ ਦੀ ਮਜ਼ਬੂਤੀ ਦਾ ਸਿਹਰਾ ਨੈੱਟ ਦੀ ਇੱਕ ਉਸ ਨਵੀਂ ਸੰਚਾਰ ਕ੍ਰਾਂਤੀ ’ਤੇ ਹੈ, ਜਿਸ ਨਾਲ ਪੂਰੀ ਦੁਨੀਆਂ ਇੱਕ ਛੋਟੇ ਜਿਹੇ ਸੰਚਾਰ ਸਮੂਹ ਵਿੱਚ ਬਦਲ ਗਈ ਹੈ। ਭਾਰਤ ਵਿੱਚ ਪਿਛਲੇ ਕੁਝ ਸਾਲਾਂ ਤੋਂ ਜਿਸ ਤਰ੍ਹਾਂ ਸੂਚਨਾ ਦਾ ਅਧਿਕਾਰ ਅਤੇ ਸੂਚਨਾ ਦੇ ਇਸ ਤਰ੍ਹਾਂ ਦੇ ਬੇਬਾਕੀ ਪ੍ਰਗਟਾਵੇ ਨੂੰ ਜ਼ਿਕਰਯੋਗ ਕੀਤਾ ਜਾਂਦਾ ਹੈ, ਉੱਥੇ ਸਰਕਾਰੀ ਮੀਡੀਆ ਅਤੇ ਦੂਜੇ ਟੈਲੀਵਿਜ਼ਨ ਤੇ ਰੇਡੀਓ ਸੰਸਥਾਨ ਕੁਝ ਘੱਟ ਗਏ ਹਨ। ਅੰਦਾਜਾ ਇਹ ਹੈ ਕਿ ਉਹਨਾਂ ਦੀ ਰੀਚ 50% ਘੱਟ ਹੋ ਗਈ ਹੈ ਤੇ ਉਸ ਦਾ ਬਦਲ ਯੂਟਿਊਬ ਤੇ ਦੂਸਰੇ ਸੰਚਾਰ ਮਾਧਿਅਮ ਹੋ ਗਏ ਹਨ।

ਸਾਡੇ ਇਥੇ ਪਿਛਲੇ ਦਿਨੀਂ ਕੁਨਾਲ ਕਾਮਰਾ ਯੂਟੀਊਬਰ ਦਾ ਕੇਸ ਜਿਸ ਤਰ੍ਹਾਂ ਹੋਇਆ ਤੇ ਉਸ ਤੋਂ ਪਹਿਲਾਂ ਜਿਸ ਤਰ੍ਹਾਂ ਦੇ ਕੇਸ ਵੱਖ-ਵੱਖ ਸਟੇਟਾਂ ਵਿੱਚ ਯੂਟੀਊਬਰ ਅਤੇ ਨਫ਼ਰਤ ਫੈਲਾਉਣ ਵਾਲੇ ਦੂਸਰੇ ਨਿਊਜ਼ ਆਊਟ ਲੈਟਸ ਨਿਊਜ਼ ਲਾਂਡਰੀ ਅਤੇ ਦੂਸਰਿਆਂ ਨਾਲ ਵਿਵਹਾਰ ਹੋਇਆ ਹੈ ਉਹ ਇਹ ਦਿਖਾਉਂਦਾ ਹੈ ਕਿ ਹੁਣ ਕੁਝ ਲੋਕ ਤਾਂ ਆਪਣੀ ਪਬਲੀਸਿਟੀ ਲਈ ਅਤੇ ਦੂਸਰੀਆਂ ਚੀਜ਼ਾਂ ਵਾਸਤੇ ਸਿੱਧੇ ਰੂਪ ਵਿੱਚ ਨਫ਼ਰਤ ਫੈਲਾਉਣਾ ਅਰਥਾਤ ਸਰਕਾਰ ਤੇ ਰਾਜਨੇਤਾਵਾਂ ਸੈਲੀਬ੍ਰਿਟੀ ਦੇ ਵਿਰੁੱਧ ਕੁਝ ਵੀ ਕਹਿਣਾ ਸਮਾਜ ਦੇ ਬਾਰੇ ਰਾਜਨੀਤਿਕ ਤੌਰ ’ਤੇ ਟਿੱਪਣੀਆਂ ਕਰਨੀਆਂ ਤਾਂ ਕਿ ਉਹਨਾਂ ਦੀ ਵੀਵਰਸ਼ਿਪ ਵਧੇ ਅਤੇ ਉਹਨਾਂ ਨੂੰ ਯੂਟਿਊਬ ਤੋਂ ਪੈਸੇ ਮਿਲ ਜਾਣਗੇ।

ਹੁਣ ਇਹ ਇਕ ਫੈਸ਼ਨ ਅਤੇ ਇੱਕ ਧੰਦਾ ਬਣ ਚੁੱਕਾ ਹੈ ਪਰੰਤੂ ਦੂਜੇ ਪਾਸੇ ਸਰਕਾਰ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਆਈਟੀ ਕਾਨੂੰਨਾਂ ਦੇ ਤਹਿਤ ਉਹ ਵੀ ਨਵੇਂ ਆਈਟੀ ਕਾਨੂੰਨ ਤੇ ਸਾਇਬਰ ਕਾਨੂੰਨਾਂ ਨੂੰ ਸੋਧ ਰਹੇ ਹਨ ਅਤੇ ਨਵੇਂ ਸਿਰੇ ਤੋਂ ਤਿਆਰ ਕਰ ਰਹੇ ਹਨ ਤਾਂ ਕਿ ਇਹਨਾਂ ਦੀ ਨਫ਼ਰਤ ਭਾਵਨਾ ਤੇ ਪ੍ਰਚਾਰ ’ਤੇ ਅੰਕੁਸ਼ ਲਗਾਇਆ ਜਾ ਸਕੇ।

ਪਿਛਲੇ ਦਿਨਾਂ ਵਿੱਚ ਕੁਨਾਲ ਕਾਮਰਾ ਦਾ ਕੇਸ ਜਿਸ ਤਰ੍ਹਾਂ ਉੱਛਲਿਆ ਹੈ ਉਸ ਤੋਂ ਪਤਾ ਲੱਗਦਾ ਹੈ ਕਿ ਜਾਣ ਬੁੱਝ ਕੇ ਰਾਜਨੀਤਿਕ ਟਿੱਪਣੀਆਂ ਅਤੇ ਟਾਰਗੇਟ ਟਿੱਪਣੀਆਂ ਦੇ ਵਿੱਚ ਨਫ਼ਰਤ ਫੈਲਾਉਣਾ ਕਿਸੇ ਦਾ ਨਾਮ ਲੈ ਕੇ ਜਿਵੇਂ ਉਹਨਾਂ ਨੇ ਮਹਾਰਾਸ਼ਟਰ ਦੇ ਹੁਣ ਦੇ ਡਿਪਟੀ ਮੁੱਖ ਮੰਤਰੀ ਅਤੇ ਸਾਬਕਾ ਮੁੱਖ ਮੰਤਰੀ ਦੇ ਬਾਰੇ ਵਿੱਚ ਆਪਣੀਆਂ ਟਿੱਪਣੀਆਂ ਅਤੇ ਆਪਣੀ ਪੈਰੋਡੀ ਦੀ ਪ੍ਰਸਤੁਤੀ ਵਿੱਚ ਜਿਸ ਤਰ੍ਹਾਂ ਦਾ ਵਿਅੰਗ ਕਸਿਆ ਹੈ ਉਹ ਉਸ ਸਤਰ ਤੋਂ ਕਿਤੇ ਘੱਟ ਹੈ।

ਉਸ ਤੋਂ ਪਤਾ ਚੱਲਦਾ ਹੈ ਕਿ ਤੁਸੀਂ ਇਸਦੇ ਸਿੱਧੇ ਤੌਰ ’ਤੇ ਕਿਸੇ ਨੂੰ ਟਾਰਗੇਟ ਕਰ ਰਹੇ ਹੋ। ਭਾਰਤੀ ਸੰਵਿਧਾਨ ਪ੍ਰਗਟਾਵੇ ਦੀ ਆਜ਼ਾਦੀ ਦੀ ਮੁਹਲਤ ਦਿੰਦਾ ਹੈ, ਪਰੰਤੂ ਫ੍ਰੀ ਸਪੀਚ ਦਾ ਇਹ ਮਤਲਬ ਨਹੀਂ ਹੈ ਕਿ ਤੁਸੀਂ ਕਿਸੇ ਨੂੰ ਜਾਣ ਬੁੱਝਕੇ ਉਹਨਾਂ ਦੀਆਂ ਭਾਵਨਾਵਾਂ ਨੂੰ ਆਹਤ ਕਰੋ। ਇਸ ਮੌਕੇ ’ਤੇ ਕੇਸ ਵਿੱਚ ਹਾਲਾਂਕਿ ਕਈ ਮਾਮਲੇ ਦਰਜ ਕੀਤੇ ਗਏ ਹਨ ਤੇ ਮਾਮਲਾ ਭਾਰਤੀ ਉੱਚਤਮ ਸੁਪਰੀਮ ਕੋਰਟ ਤੱਕ ਪਹੁੰਚ ਗਿਆ, ਪਰੰਤੂ ਹੁਣ ਇਹ ਸੁਪਰੀਮ ਕੋਰਟ ਤੈ ਕਰੇਗਾ ਕਿ ਉਸਦਾ ਕਸੂਰ ਕਿੰਨਾ ਸੀ ਹਾਲਾਂਕਿ ਉਸ ਨੂੰ ਜ਼ਮਾਨਤ ਦਿੱਤੀ ਜਾ ਚੁੱਕੀ ਹੈ ਅਤੇ ਇਹ ਜਮਾਨਤ ਹੋਣ ਆਉਣ ਵਾਲੇ ਦਿਨਾਂ ਦੇ ਵਿੱਚ ਜਿਵੇਂ ਕਿ ਸ਼ਿਵ ਸੈਨਾ ਵੱਲੋਂ ਕੁਨਾਲ ਕਾਮਰਾ ਤੇ ਕੇਸ ਦਾਖ਼ਲ ਕੀਤੇ ਗਏ ਹਨ, ਉਹ ਵੇਖਣ ਵਾਲੀ ਗੱਲ ਹੈ।

ਇਸ ਤਰ੍ਹਾਂ ਹੀ ਅਸਾਮ , ਗੁਜਰਾਤ ਅਤੇ ਦੂਜੇ ਰਾਜਾਂ ਵਿੱਚ ਜਿਸ ਤਰ੍ਹਾਂ ਯੂਟਿਊਬ ਤੇ ਵਿਸ਼ੇਸ਼ਕਰ ਬੰਗਾਲ ਵਿੱਚ ਜਿਸ ਤਰ੍ਹਾਂ ਯੂਟਿਊਬਰ ਨੂੰ ਪਕੜਿਆ ਗਿਆ ਹੈ ਅਤੇ ਹਾਲੇ ਵੀ ਇਹ ਮਾਮਲੇ ਅਦਾਲਤਾਂ ਵਿੱਚ ਜਾਰੀ ਹਨ ਪਰੰਤੂ ਸਭ ਤੋਂ ਵੱਡੀ ਗੱਲ ਇਹ ਹੈ ਕਿ ਭਾਰਤੀ ਸੰਵਿਧਾਨ ਅਨੁਸਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਬਾਵਜੂਦ ਜਿਸ ਤਰ੍ਹਾਂ ਯੂਟਿਊਬ ਤੇ ਓਟੀਟੀ ਪਲੇਟਫਾਰਮ ’ਤੇ ਅਣਸਮਾਜਿਕ ਗਾਲੀ ਗਲੋਚ ਅਤੇ ਕੰਟੈਂਟ ਵਿੱਚ ਨਫ਼ਰਤੀ ਭਾਸ਼ਣ ਉਤੇਜਨਾਂ ਭਰਿਆ ਮਾਹੌਲ ਭਰਿਆ ਜਾ ਰਿਹਾ ਹੈ।

ਕੀ ਉਹ ਸਹੀ ਢੰਗ ਨਾਲ ਪ੍ਰਗਟਾਵੇ ਦੀ ਆਜ਼ਾਦੀ ਅਤੇ ਫ੍ਰੀ ਸਪੀਚ ਦੀ ਤਰਜ਼ਮਾਨੀ ਕਰਦਾ ਹੈ। ਇਹ ਬਹੁਤ ਹੀ ਅਫ਼ਸੋਸਨਾਕ ਪੱਖ ਹੈ ਕਿ ਕੁਝ ਲੋਕ ਇਸ ਨੂੰ ਆਪਣੇ ਮੁਫ਼ਾਦ ਲਈ ਵਰਤ ਰਹੇ ਹਨ। ਸੋਸ਼ਲ ਮੀਡੀਆ ਤੁਹਾਨੂੰ ਆਜ਼ਾਦੀ ਦਿੰਦਾ ਹੈ, ਪਰੰਤੂ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਤੁਸੀਂ ਕਿਸੇ ਨੂੰ ਨਿਜੀ ਤੌਰ ਤੇ ਆਪਣੀਆਂ ਟਿੱਪਣੀਆਂ ਨਾਲ ਨਿਸ਼ਾਨਾ ਬਣਾਓ ਉਹ ਭਲੇ ਰਾਜਨੀਤਿਕ ਦਲ ਹੋਣ। ਹੁਣ ਇੱਥੇ ਤਾਂ ਲੋਕ ਪ੍ਰਧਾਨ ਮੰਤਰੀ ਤੋਂ ਲੈ ਕੇ ਰਾਸ਼ਟਰਪਤੀ ਤੱਕ ਨਿੱਜੀ ਟਿੱਪਣੀਆਂ ਨੂੰ ਨਫ਼ਰਤ ਦੇ ਨਾਲ ਦੇਖਣਾ ਸ਼ੁਰੂ ਕਰ ਚੁੱਕੇ ਹਨ। ਉਹ ਤਾਂ ਉਹ ਰਾਸ਼ਟਰਪਤੀ ਪ੍ਰਧਾਨ ਮੰਤਰੀ ਅਤੇ ਦੂਜੇ ਮੰਤਰੀਆਂ ,ਮੁੱਖ ਮੰਤਰੀਆਂ ਤੋਂ ਲੈ ਕੇ ਰਾਜ ਤੇ ਰੰਗ ਵਿਰੋਧੀ ਤੇ ਜੈਂਡਰ ਦੇ ਮਸਲਿਆਂ ਨਾਲ ਵੀ ਪ੍ਰਗਟਾਵੇ ਦੀ ਆਜ਼ਾਦੀ ਵਿੱਚ ਇਹ ਲੋਕ ਹੁਣ ਕੰਟੈਂਟ ਅਤੇ ਨਫ਼ਰਤੀ ਭਾਸ਼ਣ ਪਰੋਸ ਰਹੇ ਹਨ। ਹੁਣ ਪਿਛਲੇ ਦਿਨੀਂ ਕੇਰਲਾ ਦੀ ਚੀਫ਼ ਸੈਕਟਰੀ ਦੇ ਕਾਲੇ ਰੰਗ ਬਾਰੇ ਜਿਸ ਤਰ੍ਹਾਂ ਦੀਆਂ ਟਿੱਪਣੀਆਂ ਸੋਸ਼ਲ ਮੀਡੀਆ ’ਤੇ ਉਜਾਗਰ ਹੋਈਆਂ ਹਨ ਇਹ ਕਤਈ ਇਹ ਨਹੀਂ ਕਹਿੰਦੀਆਂ ਕਿ ਇਹ ਹੁਣ ਪ੍ਰਗਟਾਵੇ ਦੀ ਆਜ਼ਾਦੀ ਹੈ ਜਾਂ ਕੋਈ ਫ੍ਰੀ ਸਪੀਚ ਦਾ ਮਾਮਲਾ ਹੈ।

ਇਹ ਜਾਣ ਬੁੱਝ ਕੇ ਕੀਤੀ ਗਈ ਉਲੰਘਣਾ ਹੈ, ਜਿਸ ਦੇ ਨਾਲ ਉਹਨਾਂ ਦੀ ਪ੍ਰਸਿੱਧੀ ਵੱਧਦੀ ਹੈ ਤੇ ਉਹਨਾਂ ਦੀ ਫੋਲੋਇੰਗ ਵੱਧ ਜਾਂਦੀ ਹੈ। ਇਹ ਲੋਕ ਜੋ ਆਪਣੇ ਆਪ ਨੂੰ ਇਨਫਲੂਆਸਰ ਅਤੇ ਸੋਸ਼ਲ ਮੀਡੀਆ ’ਤੇ ਪਾਤਸ਼ਾਹ ਕਹਿੰਦੇ ਹਨ। ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸ਼ਾਇਦ ਇਹ ਹੁਣ ਸਮਾਂ ਆ ਗਿਆ ਹੈ ਕਿ ਦੇਖਣਾ ਪਵੇਗਾ ਕਿ ਉਹ ਦੇਸ਼ ਦੀ ਜ਼ਮਹੂਰੀਅਤ ਦਾ ਕਿੰਨਾ ਨੁਕਸਾਨ ਕਰ ਰਹੇ ਹਨ ਅਤੇ ਸਮਾਜ ਵਿੱਚ ਕਿਸ ਤਰ੍ਹਾਂ ਦਾ ਵਿਤਕਰਾ ਪੈਦਾ ਕਰ ਰਹੇ ਹਨ ਕਿਉਂਕਿ ਇਹ ਨਫ਼ਰਤੀ ਭਾਸ਼ਣ ਸਮਾਜ ਦੇ ਹਰ ਤਬਕੇ ’ਤੇ ਸਿੱਧਾ ਅਸਰ ਰੱਖਦਾ ਹੈ। ਬੱਚਿਆਂ ਤੋਂ ਲੈ ਕੇ ਵੱਡੀ ਉਮਰ ਤੱਕ ਤੇ ਉਹਨਾਂ ਲੋਕਾਂ ਤੱਕ ਅੱਲਗ ਅੱਲਗ ਭਾਸ਼ਾਵਾਂ ਵਿੱਚ ਪਹੁੰਚਦਾ ਹੈ।

ਜਿਨ੍ਹਾਂ ਤੱਕ ਇਹ ਨਹੀਂ ਪਹੁੰਚਣਾ ਚਾਹੀਦਾ ਹਾਲਾਂਕਿ ਵਾਰ ਵਾਰ ਸਰਕਾਰ ਵੱਲੋਂ ਇਹਨਾਂ ਨੂੰ ਦਬਾਉਣ ਦੀ ਗੱਲ ਕੀਤੀ ਜਾਂਦੀ ਹੈ, ਪਰ ਪ੍ਰਗਟਾਵੇ ਦੀ ਆਜ਼ਾਦੀ ਦਾ ਮਤਲਬ ਇਹ ਵੀ ਨਹੀਂ ਕਿ ਤੁਸੀਂ ਕਿਸੇ ’ਤੇ ਨਜਾਇਜ਼ ਟਿੱਪਣੀਆਂ ਕਰੋ। ਜਾਤੀ ਸੂਚਕ ਗੱਲਾਂ ਅਤੇ ਕਿਸੇ ਦੇ ਵਿਰੋਧ ਵਿੱਚ ਗੱਲਾਂ ਕਿਸੇ ਦਲੀਲ ਵਿੱਚ ਨਹੀਂ ਆਉਂਦੀਆਂ। ਦਲੀਲ ਇਹ ਹੈ ਕਿ ਤੁਸੀਂ ਉਸ ਛੋਟੀ ਲਕੀਰ ਤੋਂ ਵੱਡੀ ਲਕੀਰ ਸਭਿਅਤਾ ਅਤੇ ਮਰਿਆਦਾ ਦੇ ਢੰਗ ਨਾਲ ਕਹੋ ਜੋ ਤੁਹਾਨੂੰ ਭਾਰਤੀ ਸੰਵਿਧਾਨ ਦਿੰਦਾ ਹੈ ਪਰੰਤੂ ਜਿਸ ਤਰ੍ਹਾਂ ਦਾ ਆਪਹੁਦਰਾਪਣ ਸਾਡੇ ਅਤੇ ਸੋਸ਼ਲ ਮੀਡੀਆ ’ਤੇ ਦੇਖਿਆ ਜਾ ਰਿਹਾ ਹੈ। ਕੁਨਾਲ ਕਾਮਰਾ ਉਸ ਕੇਸ ਦੀ ਇੱਕ ਅਜਿਹੀ ਮਿਸਾਲ ਹੈ ਜਿੱਥੇ ਹਾਲੇ ਵੀ ਲੋਕ ਉਸਦੇ ਬਿਆਨਾਂ ਨੂੰ ਤੇ ਉਸਦੇ ਪੈਰੋਡੀ ਗੀਤਾਂ ਨੂੰ ਜਿਸ ਵਿੱਚ ਉਸਨੂੰ ਨਿੱਜੀ ਗੱਲ ਕੀਤੀ ਹੈ, ਉਸ ਨੂੰ ਇੱਕ ਪ੍ਰਗਟਾਵਾ ਮੰਨਦੇ ਹਨ ਜੇ ਇਹ ਪ੍ਰਗਟਾਵਾ ਹੈ ਤੇ ਫ਼ਿਰ ਗਾਲੀ ਗਲੋਚ ਅਤੇ ਨਫ਼ਰਤ ਕੀ ਹੁੰਦੀ ਹੈ ਇਸ ਬਾਰੇ ਸੋਚਣਾ ਹੋਵੇਗਾ। ਇਹ ਤਾਂ ਨਹੀਂ ਹੋਣਾ ਚਾਹੀਦਾ ਪਰੰਤੂ ਇਹ ਗੱਲ ਸੱਚ ਹੈ ਕਿ ਹੁਣ ਸੋਸ਼ਲ ਮੀਡੀਆ ਦੀ ਸਭ ਤੋਂ ਵੱਡੀ ਪਹੁੰਚ ਸਮਾਜ ਦੇ ਉਹਨਾਂ ਲੋਕਾਂ ਤੱਕ ਹੈ ਜੋ ਲੋਕ ਸਮੇਂ ਦਾ ਸੱਚ ਹਨ, ਅਰਥਾਤ ਬੱਚਿਆਂ ਤੋਂ ਲੈ ਕੇ ਨਵੀਂ ਪੀੜ੍ਹੀ ਅਤੇ ਪਰੋੜ ਉਮਰ ਦੇ ਲੋਕਾਂ ਤੋਂ ਲੈ ਕੇ ਬੁਢਾਪਾ ਕੱਟ ਰਹੇ ਲੋਕਾਂ ਤੱਕ ਜਿਸ ਤਰ੍ਹਾਂ ਰੀਲ ਫੇਸਬੁੱਕ ਟਵਿਟਰ ਤੇ ਇੰਸਟਾਗ੍ਰਾਮ ਨੇ ਜਗ੍ਹਾ ਬਣਾਈ ਹੈ ਉਹ ਅਦਭੁੱਤ ਹੈ।

ਆਉਣ ਵਾਲੇ ਦਿਨਾਂ ਦੇ ਵਿੱਚ ਸੰਵਿਧਾਨ ਦੇ ਅਨੁਸਾਰ ਇਹਨਾਂ ਇਨਫਲੈਂਸਿਜ ਤੇ ਓਟੀਟੀ ਅਤੇ ਸੋਸ਼ਲ ਮੀਡੀਆ ’ਤੇ ਸਥਾਪਤੀ ਦੇ ਚੱਕਰ ਵਿੱਚ ਲੋਕਾਂ ਦੇ ਬਾਰੇ ਇੱਕ ਵਾਰ ਫ਼ਿਰ ਸੋਚਣ ਦੀ ਲੋੜ ਹੈ, ਪ੍ਰਗਟਾਵੇ ਦੀ ਆਜ਼ਾਦੀ ਵਿੱਚ ਸੰਵਿਧਾਨਿਕ ਤੌਰ ’ਤੇ ਤੁਹਾਡੇ ਕੁਝ ਅਧਿਕਾਰ ਹਨ, ਪਰੰਤੂ ਤੁਹਾਡੇ ਅਧਿਕਾਰਾਂ ਦੇ ਨਾਲ ਤੁਹਾਡੀ ਜ਼ਿੰਮੇਵਾਰੀ ਵੀ ਹੈ ਕਿ ਤੁਸੀਂ ਉਸ ਨੂੰ ਕਿਵੇਂ ਦੇਖਦੇ ਹੋ।

ਹੁਣ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਅਸੀਂ ਭਾਰਤ ਵਿੱਚ ਇਸ ਤਰਾਂ ਦੇ ਨਫ਼ਰਤ ਦੀ ਅੰਸਰਾਂ ਨੂੰ ਸੋਸ਼ਲ ਮੀਡੀਆ ’ਤੇ ਸਾਈਬਰ ਕ੍ਰਾਈਮ ਦੇ ਕਾਨੂੰਨਾਂ ਹੇਠ ਕਿਵੇਂ ਰੱਖਦੇ ਹਾਂ ਇਹ ਦੇਖਣਾ ਪਵੇਗਾ ਕਿ ਇਸ ਵੱਡੀ ਮਾਧਿਅਮ ਦੀ ਸੰਚਾਰ ਤੇ ਵਿਵਹਾਰ ਦੀ ਤਾਕਤ ਨੂੰ ਭਾਰਤੀ ਸਮਾਜ ਵਿੱਚ ਇੱਕ ਸਿਹਤਮੰਦ ਰੁਝਾਨ ਅਤੇ ਸਮਾਜਿਕ ਸੰਦੇਸ਼ ਅਤੇ ਕੁਰੀਤੀਆਂ ਦੇ ਵਿਰੁੱਧ ਆਪਸੀ ਭਾਈਚਾਰੇ ਦੀ ਵੱਡੀ ਪਹੁੰਚ ਨੂੰ ਕਿਸ ਤਰ੍ਹਾਂ ਵਰਤਿਆ ਜਾਣਾ ਚਾਹੀਦਾ ਹੈ ਉਸ ਉੱਤੇ ਬਹਿਸ ਹੋਣੀ ਚਾਹੀਦੀ ਹੈ ਅਤੇ ਨਫ਼ਰਤੀ ਕੰਟੈਂਟ ਅਤੇ ਨਫ਼ਰਤੀ ਪ੍ਰਚਾਰ ਨੂੰ ਤੁਰੰਤ ਬੰਦ ਹੋਣਾ ਚਾਹੀਦਾ ਹੈ।

ਇਸ ਵਾਸਤੇ ਸਰਕਾਰ ਨੂੰ ਜੇ ਕੋਈ ਸਖ਼ਤ ਕਾਨੂੰਨ ਵੀ ਬਣਾਉਣਾ ਪਵੇ ਤਾਂ ਬਣਾਉਣਾ ਹੈ ਪਰੰਤੂ ਆਪਣੇ ਆਪ ’ਤੇ ਸੋਸ਼ਲ ਮੀਡੀਆ ਕੋਈ ਅਚਾਰ ਸੰਹਿਤਾ ਲਗਾ ਸਕੇ ਤਾਂ ਇਸ ਤੋਂ ਬਿਹਤਰ ਨਿੱਜੀ ਉੱਦਮ ਕੀ ਹੋ ਸਕਦਾ ਹੈ, ਕਿਉਂਕਿ ਹੁਣ ਸਾਰੀ ਦੀ ਸਾਰੀ ਸੰਚਾਰ ਤਾਕਤ ਸੋਸ਼ਲ ਮੀਡੀਆ ਅਤੇ ਉਸ ਓਟੀਟੀ ਪਲੇਟਫਾਰਮ ’ਤੇ ਹੈ ਜੋ ਹਰ ਵਕਤ ਸੌਖੇ ਤਰ੍ਹਾਂ ਤੁਹਾਨੂੰ ਤੁਹਾਡੇ ਫ਼ੋਨ ’ਤੇ ਉਪਲੱਬਧ ਹੋ ਰਿਹਾ ਹੈ। ਇਸ ਸੰਚਾਰ ਵਿਗਿਆਨ ਦੀ ਕਰਾਮਾਤ ਨੂੰ ਇਨਸਾਨ ਦੀ ਬੇਹਤਰੀ ਲਈ ਵਰਤਿਆ ਜਾਏ ਤਾਂ ਆਉਣ ਵਾਲੇ ਦਿਨਾਂ ਦੇ ਵਿੱਚ ਚੰਗੇ ਨਤੀਜੇ ਆ ਸਕਦੇ ਹਨ।

**ਲੇਖਕ ਉੱਘੇ ਬ੍ਰਾਡਕਾਸਟਰ ਅਤੇ ਮੀਡੀਆ ਵਿਸ਼ਲੇਸ਼ਕ ਹਨ।**

## ਅੱਜ ਸੇਵਾ ਮੁਕਤੀ ’ਤੇ ਵਿਸ਼ੇਸ਼

# ਉਪ ਮੁੱਖ ਇੰਜੀਨੀਅਰ ਇੰਜ਼: ਧਨਵੰਤ ਸਿੰਘ ਹਮੇਸ਼ਾ ਬਿਜਲੀ ਖਪਤਕਾਰਾਂ ਨੂੰ ਸਮਰਪਿਤ ਰਹੇ: ਇੰਜ: ਰਤਨ ਮਿੱਤਲ



ਮਨਮੋਹਨ ਸਿੰਘ
ਮੋ. 8437725172
ਉਪ ਸਕੱਤਰ ਲੋਕ ਸੰਪਰਕ ਵਿਭਾਗ (ਸੇਵਾ ਮੁਕਤ) ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਤੋਂ ਅੱਜ ਇੰਜ: ਧਨਵੰਤ ਸਿੰਘ ਉਪ ਮੁੱਖ ਇੰਜੀਨੀਅਰ ਸੇਵਾ ਮੁਕਤ ਹੋ ਰਹੇ ਹਨ,ਜ਼ੋ ਕਿ ਹਮੇਸ਼ਾ ਹੀ ਬਿਜਲੀ ਖਪਤਕਾਰਾਂ ਨੂੰ ਸਮਰਪਿਤ ਰਹੇ ਹਨ। ਬਿਜਲੀ ਖਪਤਕਾਰ ਦੀ ਕੋਈ ਬਿਜਲੀ ਸਪਲਾਈ ਸਬੰਧੀ ਜਾਂ ਬਿਜਲੀ ਸਮੱਸਿਆ ਨੂੰ ਲੈ ਕੇ ਕੋਈ ਵੀ ਮੁੱਦਾ ਹੈ ,ਬੱਸ ਜਦੋਂ ਉਨ੍ਹਾਂ ਦੇ ਧਿਆਨ ਵਿੱਚ ਆ ਗਿਆ ਤਾਂ ਸਮਝੋ ਉਸ ਬਿਜਲੀ ਖਪਤਕਾਰ ਦਾ ਕਲਿਆਣ ਹੋ ਗਿਆ,ਇਹ ਵਿਚਾਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸੰਚਾਲਣ ਦੱਖਣ ਜ਼ੋਨ ਦੇ ਮੁੱਖ ਇੰਜੀਨੀਅਰ ਇੰਜ਼: ਰਤਨ ਮਿੱਤਲ ਨੇ ਉਪ ਮੁੱਖ ਇੰਜੀਨੀਅਰ ਇੰਜ਼: ਧਨਵੰਤ ਸਿੰਘ ਦੀ ਸੇਵਾ ਮੁਕਤੀ ਸਮਾਗਮ ਵਿੱਚ ਰੱਖੇ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਇਕ ਕਮਰਸ਼ੀਅਲ ਅਦਾਰਾ ਹੈ। ਪਾਵਰਕਾਮ ਦਾ ਵਿਕਾਸ ਬਿਜਲੀ ਖਪਤਕਾਰਾਂ ਦੇ ਮਾਲੀਏ ’ਤੇ ਨਿਰਭਰ ਕਰਦਾ ਹੈ। ਸੋ ਅਜਿਹੀ ਸਥਿਤੀ ਵਿਚ ਪਾਵਰਕਾਮ ਅਦਾਰੇ ਦੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਬਿਜਲੀ ਖਪਤਕਾਰਾਂ ਨੂੰ ਪਾਏਦਾਰ ਅਤੇ ਨਿਰਵਿਘਨ ਬਿਜਲੀ ਮੁਹੱਈਆ ਕਰਵਾਈ ਜਾਵੇ ਅਤੇ ਨਾਲ ਹੀ ਬਿਜਲੀ ਖਪਤਕਾਰਾਂ ਦੀ ਵੀ ਡਿਊਟੀ ਬਣ ਜਾਂਦੀ ਹੈ ਕਿ ਉਹ ਖ਼ਪਤ ਕੀਤੀ ਬਿਜਲੀ ਦੇ



ਬਿੱਲਾਂ ਦੀ ਅਦਾਇਗੀ ਸਮੇਂ ਸਿਰ ਕਰਨ। ਇਹ ਅਪੀਲ ਇੰਜ਼: ਧਨਵੰਤ ਸਿੰਘ ਉਪ ਮੁੱਖ ਇੰਜੀਨੀਅਰ ਸੰਚਾਲਣ ਪਟਿਆਲਾ ਸਰਕਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਅੱਜ 31 ਸਾਲ ਅਤੇ 2 ਮਹੀਨਿਆਂ ਦੀ ਸੇਵਾ ਪੂਰੀ ਕਰਨ ’ਤੇ ਸੇਵਾ ਮੁਕਤੀ ਮੌਕੇ ਇਕ ਸਮਾਗਮ ਵਿੱਚ ਕੀਤੀ।

ਇੰਜੀ: ਧਨਵੰਤ ਸਿੰਘ ਦਾ ਜਨਮ 1 ਅਪ੍ਰੈਲ, 1967 ਨੂੰ ਪਿਤਾ ਸ੍ਰੀ ਉਮ ਪ੍ਰਕਾਸ਼ ਦੇ ਘਰ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਵਿਖੇ ਹੋਇਆ। ਉਨ੍ਹਾਂ ਨੇ ਆਪਣੀ ਮੈਟ੍ਰਿਕ ਪੱਧਰ ਦੀ ਵਿੱਦਿਆ ਪਿੰਡ ਕੁੱਲਗਰਾਨ ਵਿਖੇ ਸਰਕਾਰੀ ਸਕੂਲ ਵਿਖੇ ਪ੍ਰਾਪਤ ਕੀਤੀ। ਉਨ੍ਹਾਂ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਤੋਂ ਬੀ ਟੈਕ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ। ਇੰਜੀ: ਧਨਵੰਤ ਸਿੰਘ ਨੇ ਪੰਜਾਬ ਰਾਜ ਬਿਜਲੀ ਬੋਰਡ ਹੁਣ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਿੱਚ 10 ਜਨਵਰੀ, 1994 ਨੂੰ ਬਤੌਰ ਐਸ.ਡੀ.ਉ.ਆਪਣੀ ਸੇਵਾ ਸ਼ੁਰੂ ਕੀਤੀ ਅਤੇ ਬਤੌਰ ਉਪ ਮੁੱਖ ਇੰਜੀਨੀਅਰ ਦੇ ਅਹੁਦੇ ਤੱਕ ਪੁੱਜੇ। ਉਨ੍ਹਾਂ 31 ਸਾਲ ਅਤੇ 2 ਮਹੀਨਿਆਂ ਦੀ ਸੇਵਾ ਦੌਰਾਨ ਵੱਖ-ਵੱਖ ਮਹੱਤਵਪੂਰਨ ਅਹੁਦਿਆਂ ’ਤੇ ਬਿਜਲੀ ਖਪਤਕਾਰਾਂ ਨੂੰ ਬਿਹਤਰੀਨ ਸੇਵਾਵਾਂ ਪ੍ਰਦਾਨ ਕਰਨ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ।


ਉਨ੍ਹਾਂ ਨੂੰ ਇਕ ਸੰਚਾਲਣ ਮਾਹਿਰ ਦੇ ਤੌਰ ’ਤੇ ਜਾਣਿਆ ਜਾਂਦਾ ਹੈ, ਉਨ੍ਹਾਂ ਨੇ ਆਪਣੀ ਸਾਰੀ ਸੇਵਾ ਸੰਚਾਲਣ ਖੇਤਰ ਵਿੱਚ ਬਿਜਲੀ ਖਪਤਕਾਰਾਂ ਸਮਰਪਿਤ ਕੀਤੀ।

ਉਨ੍ਹਾਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਬਤੌਰ ਐਕਸੀਅਨ ਗੁਰਦਾਸਪੁਰ ਖੰਨਾ,ਰਾਜਪੁਰਾ,ਮੰਡੀ ਗੋਬਿੰਦਗੜ੍ਹ, ਅਤੇ ਸਮਾਣਾ ਵਿਖੇ ਬਿਜਲੀ ਖਪਤਕਾਰਾਂ ਨੂੰ ਪਾਏਦਾਰ ਅਤੇ ਨਿਰਵਿਘਨ ਬਿਜਲੀ ਸਪਲਾਈ ਅਤੇ ਬਿਜਲੀ ਖਪਤਕਾਰਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਾਟਸਅਪ ਗਰੁਪਾਂ ਨੂੰ ਵਿਕਸਿਤ ਕਰਵਾਇਆ।

ਉਨ੍ਹਾਂ ਬਤੌਰ ਨਿਗਰਾਨ ਇੰਜੀਨੀਅਰ ਨੂੰ ਡਾਇਰੈਕਟਰ ਸੰਚਾਲਣ, ਨਿਗਰਾਨ ਇੰਜੀਨੀਅਰ ਟੂ ਡਾਇਰੈਕਟਰ ਐਚ. ਆਰ, ਨਿਗਰਾਨ ਇੰਜੀਨੀਅਰ ਮੈਟੀਰੀਅਲ ਸਰਵਿਸਿਜ਼, ਨਿਗਰਾਨ ਇੰਜੀਨੀਅਰ ਪ੍ਰਾਜੈਕਟਸ ਅਤੇ ਉਪ ਮੁੱਖ ਇੰਜੀਨੀਅਰ ਸੰਚਾਲਣ ਪਟਿਆਲਾ ਸਰਕਲ ਵਜੋਂ ਸੇਵਾਵਾਂ ਦੇਂਦਿਆਂ ਹਮੇਸ਼ਾ ਬਿਜਲੀ ਖਪਤਕਾਰਾਂ ਨੂੰ ਹਮੇਸ਼ਾ ਇਨਸਾਫ ਦਿੱਤਾ।

ਲੇਖਕ ਇੰਜ਼: ਧਨਵੰਤ ਸਿੰਘ ਨੂੰ ਉਨ੍ਹਾਂ ਦੀ ਸੇਵਾ ਮੁਕਤੀ ’ਤੇ ਸ਼ੁਭ ਕਾਮਨਾਵਾਂ ਦੇਂਦਿਆਂ ਉਨ੍ਹਾਂ ਦੇ ਹੋਰ ਸੁਨਹਿਰੀ ਭਵਿੱਖ ਦੀ ਕਾਮਨਾ ਕਰਦਾ ਹੈ। ਵਾਹਿਗੁਰੂ ਉਨ੍ਹਾਂ ਨੂੰ ਲੰਮੀ ਅਤੇ ਚੰਗੀ ਸਿਹਤ ਦੀ ਕਾਮਨਾ ਕਰਦਾ ਹੈ। ਇੰਜ਼ ਧਨਵੰਤ ਸਿੰਘ ਨੂੰ ਇਕ ਸੰਚਾਲਣ ਮਾਹਿਰ ਦੇ ਤੌਰ ’ਤੇ ਜਾਣਿਆ ਜਾਂਦਾ ਹੈ, ਉਨ੍ਹਾਂ ਨੇ ਆਪਣੀ ਸਾਰੀ ਸੇਵਾ ਸੰਚਾਲਣ ਖੇਤਰ ਵਿੱਚ ਬਿਜਲੀ ਖਪਤਕਾਰਾਂ ਸਮਰਪਿਤ ਕੀਤੀ। ਉਨ੍ਹਾਂ ਬਤੌਰ ਨਿਗਰਾਨ ਇੰਜੀਨੀਅਰ ਨੂੰ ਡਾਇਰੈਕਟਰ ਸੰਚਾਲਣ, ਨਿਗਰਾਨ ਇੰਜੀਨੀਅਰ ਟੂ ਡਾਇਰੈਕਟਰ ਐਚ. ਆਰ, ਨਿਗਰਾਨ ਇੰਜੀਨੀਅਰ ਮੈਟੀਰੀਅਲ ਸਰਵਿਸਿਜ਼, ਨਿਗਰਾਨ ਇੰਜੀਨੀਅਰ ਪ੍ਰਾਜੈਕਟਸ ਅਤੇ ਉਪ ਮੁੱਖ ਇੰਜੀਨੀਅਰ ਸੰਚਾਲਣ ਪਟਿਆਲਾ ਸਰਕਲ ਵਜੋਂ ਸੇਵਾਵਾਂ ਦੇਂਦਿਆਂ ਹਮੇਸ਼ਾ ਬਿਜਲੀ ਖਪਤਕਾਰਾਂ ਨਾਲ ਇਨਸਾਫ ਕੀਤਾ।

# ਨਸ਼ਿਆਂ ਖ਼ਿਲਾ.ਫ ਯੁੱਧ ਸ਼ੁਰੂ ਕਰਕੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਲੇਟ ਆਈ ਪਰ ਦਰੁਸਤ ਆਈ



ਨਰਿੰਦਰ ਸਿੰਘ ਘੁਮਾਣ
9815472326

ਪੰਜਾਬ ਗੁਰੂਆਂ ਪੀਰਾਂ ਪੈਗੰਬਰਾਂ ਅਤੇ ਰਿਸ਼ੀਆਂ ਮੁਨੀਆਂ ਦੀ ਪਵਿੱਤਰ ਧਰਤੀ ਉਹ ਧਰਤੀ ਜਿਸ ਧਰਤੀ ਤੇ ਅਨੇਕਾਂ ਸੂਰਬੀਰ ਯੋਧਿਆਂ ਨੇ ਜਨਮ ਲਿਆ ਹੈ।ਪੰਜ ਆਬ ਦੀ ਜਿਸ ਵਿੱਚ ਪੰਜ ਦਰਿਆ ਵੱਗਦੇ ਹਨ ।ਪਰ ਇਸ ਪੰਜਾਬ ਧਰਤੀ ਦੀ ਨੂੰ ਜਿਵੇਂ ਕਈ ਦਹਾਕਿਆਂ ਤੋਂ ਨਜ਼ਰ ਲੱਗ ਗਈ ਹੋਵੇ। ਅਤੇ ਹੁਣ ਇਸ ਸੂਰਬੀਰ ਯੋਧਿਆਂ ਦੀ ਧਰਤੀ ਤੇ ਪੰਜ ਦੀ ਬਜਾਏ ਛੇ ਦਰਿਆ ਵੱਗ ਰਹੇ ਹਨ। ਮੈਂ ਨਹੀਂ ਕਹਿੰਦਾ ਇਹ ਤਾਂ ਪੰਜਾਬ ਦੇ ਸਾਰੇ ਲੋਕ ਕਹਿ ਰਹੇ ਹਨ ਕਿ ਪੰਜਾਬ ਚ ਛੇ ਦਰਿਆ ਵੱਗ ਰਹੇ ਹਨ। ਛੇਵਾਂ ਦਰਿਆ ਨਸ਼ਿਆਂ ਦਾ ਦਰਿਆ ਹੈ ।ਜਿਸ ਦਰਿਆ ਨੇ ਪੰਜਾਬ ਦੀ ਨੌਜਵਾਨੀ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਅਤੇ ਇਸ ਦਰਿਆ ਨੇ ਅਨੇਕਾਂ ਭੈਣਾਂ ਦੇ ਵੀਰ, ਮਾਵਾਂ ਦੇ ਪੁੱਤ ਅਤੇ ਸੁਹਾਗਣਾਂ ਦੇ ਸੁਹਾਗ ਉਜਾੜ ਦਿੱਤੇ ਹਨ। ਅੱਜ ਪੰਜਾਬ ਵਿੱਚ ਮਾਵਾਂ ਭੈਣਾਂ ਅਤੇ ਧੀਆਂ ਧਾਂਹਾਂ ਮਾਰ ਮਾਰ ਰੋ ਰਹੀਆਂ ਜਿਨ੍ਹਾਂ ਦੇ ਘਰਾਂ ਦੇ ਚਿਰਾਗ ਸਦਾ ਲਈ ਇਸ ਨਸ਼ਿਆਂ ਦੇ ਛੇਵੇਂ ਦਰਿਆ ਨੇ ਬੁਝਾ ਦਿੱਤੇ ਹਨ। ਪੰਜਾਬ ਵਿੱਚ ਨਸ਼ਿਆਂ ਦਾ ਦੋਰ ਏਨਾ ਵੱਧ ਚੁੱਕਾ ਹੈ ਹੁਣ ਤਾਂ ਇਸ ਦੀ ਲਪੇਟ ਵਿੱਚ ਸਾਡੀਆਂ ਨੌਜਵਾਨ ਧੀਆਂ ਆ ਗਈਆਂ ਹਨ। ਜਿੰਨਾ ਦੀਆਂ ਨਸ਼ਿਆਂ ਵਿੱਚ ਗਲਤਾਨ ਹੋਈਆਂ ਦੀ ਕਈ ਵੀਡੀਓ ਵੈਰਿਲ ਹੋਈਆਂ ਹਨ। ਭਗਵੰਤ ਮਾਨ ਸਰਕਾਰ ਨੂੰ ਤਿੰਨ ਸਾਲ ਸਤਾ ਵਿੱਚ ਆਇਆ ਨੂੰ ਹੋ ਗਏ ਹਨ। ਚਲੋ ਹੁਣ ਜਾਗ ਖੁੱਲ੍ਹੀ ਕੇ ਪੰਜਾਬ ਦੀ ਨੌਜਵਾਨੀ ਪੀੜ੍ਹੀ ਨਸ਼ਿਆਂ ਨਾਲ ਖਤਮ ਹੋ ਰਹੀ ਹੈ। ਤਾਂ ਸਰਕਾਰ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਚਲੋ ਲੋਕ ਇਹ ਗੱਲ ਤਾਂ ਕਹਿੰਦੇ ਹਨ ਕਿ ਸਰਕਾਰ ਨਸ਼ਿਆਂ ਵਿਰੁੱਧ ਲੇਟ ਆਈ ਪਰ ਦਰੁਸਤ ਆਈ। ਨਸ਼ਿਆਂ ਦੇ ਸੁਦਾਗਰਾਂ ਵੱਲੋਂ ਨਸ਼ਿਆਂ



ਦੀ ਕਮਾਈ ਨਾਲ ਬਣਾਈਆਂ ਆਲੀਸ਼ਾਨ ਕੋਠੀਆਂ ਉਪਰ ਬੁਲਡੋਜ਼ਰ ਚਲਾ ਕੇ ਉਨ੍ਹਾਂ ਤਹਿਸ ਨਹਿਸ਼ ਕਰਨਾ ਬਹੁਤ ਵਧੀਆ ਗੱਲ ਹੈ। ਕਿਉਂਕਿ ਏਨਾ ਨਸ਼ਿਆਂ ਦੇ ਸੁਦਾਗਰਾਂ ਨੇ ਨੋਜਵਾਨਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਕੇ ਅਤੇ ਕਈ ਘਰਾਂ ਦੇ ਚਿਰਾਗ ਬੁਝਾ ਕੇ ਇਹ ਜਾਇਦਾਦਾਂ ਬਣਾਈਆਂ ਹਨ। ਮੈਂ ਆਪਣੀ ਅੱਖੀਂ ਵੇਖਿਆ ਕਿ ਕਿਵੇਂ ਨਸ਼ਿਆਂ ਦੇ ਸੁਦਾਗਰਾਂ ਦੇ ਪ੍ਰੀਵਾਰ ਸਰਕਾਰ ਵੱਲੋਂ ਬੁਲਡੋਜਰ ਚਲਾਉਣ ਤੇ ਦੁਹਾਈ ਪਾਉਂਦੇ ਹਨ। ਭਾਵੇਂ ਕੁਝ ਵੀ ਹੋਵੇ ਪਰ ਪੰਜਾਬ ਦੇ ਲੋਕ ਇਸ ਗੱਲ ਦੀ ਪ੍ਰਸੰਸਾ ਕਰ ਰਹੇ ਹਨ ਕਿ ਭਗਵੰਤ ਮਾਨ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਇਆ ਜਾ ਰਿਹਾ ਯੁੱਧ ਇਕ ਸ਼ਲਾਘਾਯੋਗ ਕਦਮ ਹੈ।ਪਰ ਦੂਸਰੇ ਪਾਸੇ ਲੋਕਾਂ ਦੀ ਇਹ ਵੀ ਰੈਅ ਹੈ ਕਿ ਪੁਲਿਸ ਪ੍ਰਸ਼ਾਸਨ ਦੀਆਂ ਕਾਲੀਆਂ ਭੇਡਾਂ ਜਿਹੜੀਆਂ ਇਨ੍ਹਾਂ ਨਸ਼ਿਆਂ ਦੇ ਸੁਦਾਗਰਾਂ ਨਾਲ ਰਲੀਆਂ ਹੋਈਆਂ ਅਤੇ ਪ੍ਰਸ਼ਾਸਨ ਦੇ ਜਿਹੜੇ ਅਫਸਰਾਂ ਨੇ ਇਨ੍ਹਾਂ ਨਸ਼ਿਆਂ ਦੇ ਵਪਾਰੀਆਂ ਨਾਲ ਸਬੰਧ ਰੱਖਕੇ ਜਾਇਦਾਦਾਂ ਬਣਾਈਆਂ ਹਨ। ਸਰਕਾਰ ਉਨ੍ਹਾਂ ਕਾਲੀਆਂ ਭੇਡਾਂ ਅਤੇ ਰਿਸਵਖੋਰ ਅਫਸਰਾਂ ਅਤੇ ਮੁਲਾਜ਼ਮ ਦੀ ਜਾਂਚ ਕਰਕੇ ਉਨ੍ਹਾਂ ਉਪਰ ਵੀ ਸ਼ਕੰਜਾ ਕੱਸੇ ਅਤੇ ਉਨ੍ਹਾਂ ਦੇ ਘਰਾਂ ਉਪਰ ਵੀ ਬੁਲਡੋਜ਼ਰ ਚਲਾਏਂ ਜਾਣ ਕਿਉਂਕਿ ਨਸ਼ਾ ਤਸਕਰਾਂ ਨਾਲ ਸਬੰਧ ਰੱਖਣ ਵਾਲੀਆਂ ਪ੍ਰਸ਼ਾਸਨ ਅਤੇ ਰਾਜਨੀਤ ਨਾਲ ਸਬੰਧਿਤ ਕਾਲੀਆਂ ਭੇਡਾਂ ਵੀ ਨੌਜਵਾਨ ਪੀੜੀ ਖ਼ਤਮ ਕਰਨ ਅਤੇ ਲੋਕਾਂ ਦੇ ਘਰਾਂ ਵਿੱਚ ਮੌਤ ਦੇ ਸੱਥਰ ਵਿਛਾਉਣ ਬਰਾਬਰ ਦੀਆਂ ਜ਼ਿੰਮੇਵਾਰ ਹਨ। ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧਿਤ ਕਿਓਂ ਨਾਂ। ਲੋਕਾਂ ਦਾ ਕਹਿਣਾ ਕਿ ਪੰਜਾਬ ਵਿੱਚ ਲੁੱਟਾਂ ਖੋਹਾਂ, ਡਕੈਤੀਆਂ, ਕਤਲੇਆਮ, ਅਤੇ ਹੋ ਰਹੇ ਕ੍ਰਾਈਮ ਸਭ ਨਸ਼ਿਆਂ ਦੀ ਦੇਣ ਹੈ। ਜੇਕਰ ਭਗਵੰਤ ਸਰਕਾਰ ਵੱਲੋਂ ਸ਼ੁਰੂ ਕੀਤਾ ਨਸ਼ਿਆਂ ਖ਼ਿਲਾਫ਼ ਯੁੱਧ ਸੁਚੱਜੇ ਢੰਗ ਨਾਲ ਚਲਦਾ ਰਿਹਾ ਤਾਂ ਇਸ ਯੁੱਧ ਨਾਲ ਨਸ਼ਿਆਂ ਨੂੰ ਕਾਫੀ ਠੱਲ੍ਹ ਪਵੇਗੀ।ਪਰ ਜੇਕਰ ਇਹ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤਾਂ ਗਿਆ ਇਹ ਯੁੱਧ ਕੁਝ ਦਿਨਾਂ ਦਾ ਹੈ ਤਾਂ ਸਰਕਾਰ ਨੂੰ ਇਸ ਦਾ 2027 ਦੀਆਂ ਚੋਣਾਂ ਵਿੱਚ ਖਮਿਆਜ਼ਾ ਭੁਗਤਣਾ ਪਵੇਗਾ ਕਿਉਂਕਿ ਭਗਵੰਤ ਮਾਨ ਸਰਕਾਰ ਪੰਜਾਬ ਵਿੱਚ ਵੱਗਦੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਬੰਦ ਕਰਨ ਲਈ ਲੋਕਾਂ ਨੇ ਬਣਾਈ ਸੀ। ਲੋਕਾਂ ਦਾ ਕਹਿਣਾ ਕਿ ਸਰਕਾਰ ਨੇ ਇੰਜੈਕਸ਼ਨ ਲਾਉਣ ਵਾਲਿਆਂ ਸਰਿੰਜਾਂ ਉਪਰ ਤਾਂ ਸਖ਼ਤ ਪਾਬੰਦੀ ਲਾਈ ਹੋਈ ਹੈ। ਸਰਕਾਰ ਇਨ੍ਹਾਂ ਸਰਿੰਜਾਂ ਉਪਰ ਪਾਬੰਦੀ ਲਾਉਣ ਦੀ ਬਜਾਏ ਇਨਾਂ ਸਰਿੰਜਾਂ ਵਿੱਚ ਪੈਂਦੇ ਨਸ਼ੀਲੇ ਪਦਾਰਥ ਉਪਰ ਪਾਬੰਦੀ ਲਾਵੇ ਅਤੇ ਜਦੋਂ ਸਰਿੰਜਾਂ ਵਿੱਚ ਪਾਉਣ ਵਾਲਾ ਨਸ਼ੀਲੇ ਪਦਾਰਥ ਹੀ ਨਹੀਂ ਮਿਲਣਗੇ ਤਾਂ ਸਰਿੰਜਾਂ ਲੈ ਕੇ ਨਸ਼ਿਆਂ ਦਾ ਸੇਂਵਨ ਕਰ ਵਾਲੇ ਨੌਜਵਾਨ ਇਸ ਕਦੇ ਵੀ ਨਹੀਂ ਖਰੀਦਣਗੇ। ਪੱਤਰਕਾਰਾਂ ਅਤੇ ਬੁਧੀਜੀਵੀਆਂ ਦਾ ਹਮੇਸ਼ਾ ਫਰਜ਼ ਬਣਦਾ ਹੈ ਉਹ ਸੱਚ ਲਿਖਣ ਤੇ ਪਹਿਰਾ ਦੇਣ ਪੱਤਰਕਾਰਾਂ ਅਤੇ ਬੁਧੀਜੀਵਿਆਂ ਦੇ ਲਈ ਸਾਰੀਆਂ ਪਾਰਟੀਆਂ ਸਤਿਕਾਰਯੋਗ ਹੁੰਦੀਆਂ। ਪਰ ਪੱਤਰਕਾਰਾਂ ਦਾ ਫਰਜ਼ ਬਣਦਾ ਲੋਕਾਂ ਦੀਆਂ ਭਾਵਨਾਵਾਂ ਅਤੇ ਮੁੱਦੇ ਸਰਕਾਰਾਂ ਤੱਕ ਪਹੁਚਾਉਣ ਦਾ ਤਾਂ ਜੋ ਸਰਕਾਰਾਂ ਜਾਗਦੀਆਂ ਰਹਿਣ।

# ਯੂਵਾ ਉਮਰ ਦੇ ਹਸੀਨ ਸੁਪਨੇ



ਬਚਪਨ ਤੋਂ ਜਵਾਨੀ ਤੱਕ ਦੇ ਸਫ਼ਰ ਵਿਚਾਲੇ ਅੱਲ੍ਹੜ ਉਮਰ ਵੱਡਾ ਮਹੱਤਵ ਰੱਖਦੀ ਹੈ। ਇਸ ਉਮਰ ਵਿੱਚ ਹੀ ਬੱਚਿਆਂ ਦੇ ਅੰਦਰ ਹਰ ਚੀਜ਼ ਪ੍ਰਤੀ ਗਿਆਨ ਪ੍ਰਾਪਤ ਕਰਨ ਦੀ ਜਗਿਆਸਾ ਪੈਦਾ ਹੁੰਦੀ ਹੈ। ਜੇ ਅੱਲ੍ਹੜ ਉਮਰ ਵਿੱਚ ਹੀ ਬੱਚੇ ਸੰਭਲ ਜਾਣ ਅਤੇ ਆਪਣੀ ਜ਼ਿੰਦਗੀ ਦਾ ਸਹੀ ਟੀਚਾ ਨਿਰਧਾਰਿਤ ਕਰ ਲੈਣ ਤਾਂ ਉਹ ਜ਼ਿੰਦਗੀ ਵਿੱਚ ਸਫ਼ਲ ਹੋ ਜਾਂਦੇ ਹਨ ਅਤੇ ਆਪਣਾ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕਰਦੇ ਹਨ। ਜੇ ਅੱਲੜ੍ਹਪੁਣੇ ਵਿੱਚ ਹੀ ਬੱਚੇ ਕੁਰਾਹੇ ਪੈ ਜਾਣ ਤਾਂ ਉਹ ਬੱਚੇ ਜਵਾਨ ਹੋ ਕੇ ਨਸ਼ੇੜੀ, ਬਦਮਾਸ਼, ਰਾਹ ਤੋਂ ਭਟਕੇ ਅਤੇ ਅਜਿਹਾ ਹੋਰ ਵੀ ਬਹੁਤ ਕੁਝ ਬਣ ਜਾਂਦੇ ਹਨ ਅਤੇ ਉਹ ਦੇਸ਼ ਦੇ ਚੰਗੇ ਨਾਗਰਿਕ ਨਹੀਂ ਬਣ ਸਕਦੇ। ਅਜਿਹੇ ਨੌਜਵਾਨ ਆਪਣੀ ਜ਼ਿੰਦਗੀ ਤਾਂ ਖ਼ਰਾਬ ਕਰਦੇ ਹੀ ਹਨ, ਸਗੋਂ ਆਪਣੇ ਮਾਪਿਆਂ ਅਤੇ ਪਰਿਵਾਰ ਨੂੰ ਵੀ ਰੋਲ ਦਿੰਦੇ ਹਨ। 13 ਤੋਂ 19 ਸਾਲ ਤੱਕ ਦੀ ਉਮਰ ਨੂੰ ਅੱਲ੍ਹੜਪੁਣਾ, ਕਿਸ਼ੋਰ ਅਵਸਥਾ ਜਾਂ ਟੀਨਏਜ ਕਿਹਾ ਜਾਂਦਾ ਹੈ। ਇਸ ਉਮਰ ਦੇ ਸ਼ੁਰੂ ਹੁੰਦੇ ਹੀ ਬੱਚਿਆਂ ਅੰਦਰ ਸਰੀਰਕ, ਮਾਨਸਿਕ ਅਤੇ ਲਿੰਗ ਪਰਿਵਰਤਨ ਹੁੰਦੇ ਹਨ।

ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੀਸੈਫ ਦੀ ਇੱਕ ਰਿਪੋਰਟ ਮੁਤਾਬਕ ਦੁਨੀਆਂ ਭਰ ਵਿੱਚ ਕੁੱਲ 120 ਕਰੋੜ ਬੱਚੇ ਹਨ, ਜਿਨ੍ਹਾਂ ਦੀ ਉਮਰ 10 ਤੋਂ 19 ਸਾਲ ਵਿਚਾਲੇ ਹੈ। ਯੂਨੀਸੈਫ ਦੀ ਰਿਪੋਰਟ ਦੱਸਦੀ ਹੈ ਕਿ ਸਾਲ 2011 ਦੀ ਮਰਦਮਸ਼ੁਮਾਰੀ ਮੁਤਾਬਕ ਭਾਰਤ ਵਿੱਚ ਅੱਲ੍ਹੜਾਂ ਦੀ ਗਿਣਤੀ 24 ਕਰੋੜ ਤੋਂ ਵੱਧ ਹੈ। ਅੱਲ੍ਹੜ ਉਮਰ ਬਹੁਤ ਨਾਜ਼ੁਕ ਹੁੰਦੀ ਹੈ, ਕਿਉਂਕਿ ਇਹ ਉਹ ਸਮਾਂ ਹੁੰਦਾ ਹੈ ਜਦੋਂ ਭਵਿੱਖ ਦੀ ਉਸਾਰੀ ਵੱਲ ਕੰਮ ਕੀਤਾ ਜਾਂਦਾ ਹੈ ਅਤੇ ਇਸ ਉਮਰ ਵਿੱਚ ਕੁਰਾਹੇ ਪੈਣ ਦੇ ਚਾਂਸ ਹੁੰਦੇ ਹਨ। ਇਸ ਲਈ ਉਮਰ ਦੇ ਇਸ ਮੋੜ 'ਤੇ ਸਮਝਦਾਰੀ ਤੋਂ ਕੰਮ ਲੈਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਅੱਲ੍ਹੜ ਉਮਰ ਦੇ ਕਈ ਪਹਿਲੂ ਹੁੰਦੇ ਹਨ। ਸਭ ਤੋਂ ਪਹਿਲਾਂ, ਅੱਲ੍ਹੜਾਂ ਦੀ ਯੋਗਤਾ ਜਾਂ ਬੁੱਧੀ ਹਾਰਮੋਨਸ ਦੁਆਰਾ ਸੰਚਾਲਿਤ ਹੋਣੀ ਸ਼ੁਰੂ ਹੋ ਜਾਂਦੀ ਹੈ। ਅਚਾਨਕ ਉਨ੍ਹਾਂ ਨੂੰ ਪੂਰੀ ਦੁਨੀਆਂ ਬਹੁਤ ਵੱਖਰੀ ਲੱਗਦੀ ਹੈ। ਹੁਣ ਤੱਕ, ਉਨ੍ਹਾਂ ਦੇ ਆਲੇ-ਦੁਆਲੇ ਦੇ ਲੋਕ ਅਚਾਨਕ ਉਨ੍ਹਾਂ ਨੂੰ ਮਰਦ ਅਤੇ ਔਰਤਾਂ ਦੇ ਰੂਪ ਵਿੱਚ ਦੇਖਣਾ ਸ਼ੁਰੂ ਕਰ ਦਿੰਦੇ ਹਨ, ਯਾਨੀ ਕਿ ਉਹ ਲਿੰਗ ਅੰਤਰ ਨੂੰ ਲੈ ਕੇ ਵਧੇਰੇ ਚੇਤੰਨ ਹੋ ਜਾਂਦੇ ਹਨ।

ਜਵਾਨੀ ਉਮਰ ਦਾ ਉਹ ਪੜਾਅ ਹੈ ਜਿੱਥੋਂ ਜੀਵਨ ਦੇ ਅਣਗਿਣਤ ਰਸਤੇ ਉੱਭਰਦੇ ਹਨ। ਇਸ ਉਮਰ ਵਿੱਚ ਊਰਜਾ ਅਤੇ ਸਮਰੱਥਾ ਦੀ ਭਰਪੂਰਤਾ ਹੁੰਦੀ ਹੈ। ਉਂਜ ਤਾਂ ਅੱਲ੍ਹੜਪੁਣੇ ਦੌਰਾਨ ਕੁਝ ਸਰੀਰਕ ਅਤੇ ਮਾਨਸਿਕ ਤਬਦੀਲੀਆਂ ਆਉਂਦੀਆਂ ਹਨ ਜਿਸ ਕਾਰਨ ਅੱਲ੍ਹੜਾਂ ਦੇ ਕੁਰਾਹੇ ਪੈਣ ਦੀ ਸੰਭਾਵਨਾ ਰਹਿੰਦੀ ਹੈ ਪਰ ਇਸ ਉਮਰ ਵਿੱਚ ਭਟਕਣਾ ਭਵਿੱਖ ਨੂੰ ਹਨੇਰੇ ਵਿੱਚ ਪਾ ਸਕਦਾ ਹੈ।

ਇਸ ਦੇ ਨਾਲ ਹੀ ਇਹ ਸਮਾਂ ਕੈਰੀਅਰ ਬਣਾਉਣ ਦਾ ਵੀ ਹੈ। ਇਸ ਲਈ, ਭਟਕਣਾ ਨੂੰ ਰੋਕਣ ਅਤੇ ਆਪਣੇ ਕੈਰੀਅਰ 'ਤੇ ਧਿਆਨ ਦੇਣ ਲਈ, ਕੁਝ ਜ਼ਰੂਰੀ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਹੋਵੇਗਾ। ਕੁਝ ਗੱਲਾਂ ਦਾ ਧਿਆਨ ਰੱਖ ਕੇ ਅੱਲ੍ਹੜ ਆਪਣੇ ਆਪ ਨੂੰ ਕੁਰਾਹੇ ਪੈਣ ਤੋਂ ਬਚਾ ਸਕਦੇ ਹਨ ਅਤੇ ਆਪਣਾ ਭਵਿੱਖ ਵੀ ਸੁਰੱਖਿਅਤ ਕਰ ਸਕਦੇ ਹਨ।

ਅੱਜ ਕੱਲ੍ਹ ਅੱਲ੍ਹੜ ਉਮਰ ਦੇ ਬੱਚਿਆਂ ਦੀ ਇੱਕ ਸਮੱਸਿਆ ਆਮ ਹੁੰਦੀ ਜਾ ਰਹੀ ਹੈ, ਉਹ ਹੈ ਮੋਬਾਈਲ ਫ਼ੋਨ ਅਤੇ ਇੰਟਰਨੈੱਟ ਦੀ ਜ਼ਿਆਦਾ ਵਰਤੋਂ। ਇਹ ਅਜਿਹੀ ਖਿੱਚ ਜਾਂ ਲਤ ਬਣ ਗਈ ਹੈ ਜਿਸ ਦਾ ਸਿੱਧਾ ਸਬੰਧ ਅੱਲ੍ਹੜ ਉਮਰ ਦੇ ਬੱਚੇ ਦੇ ਮਾਨਸਿਕ ਵਿਕਾਸ ਅਤੇ ਕੈਰੀਅਰ ਨਾਲ ਹੈ। ਜੇਕਰ ਬੱਚਿਆਂ ਦੇ ਮੋਬਾਈਲ ਖੋਹ ਲਏ ਜਾਣ ਜਾਂ ਉਨ੍ਹਾਂ ਨੂੰ ਇੰਟਰਨੈੱਟ ਦੀ ਸਹੂਲਤ ਨਾ ਦਿੱਤੀ ਜਾਵੇ ਤਾਂ ਉਹ ਹੋਰ ਜ਼ਿਆਦਾ ਘਬਰਾ ਜਾਂਦੇ ਹਨ। ਅਜਿਹੇ 'ਚ ਅੱਲ੍ਹੜ ਉਮਰ ਦੇ ਬੱਚਿਆਂ ਦੇ ਫੋਨ ਦੀ ਵਰਤੋਂ ਕਰਨ ਦਾ ਸਮਾਂ ਤੈਅ ਕਰਨਾ ਬਹੁਤ ਜ਼ਰੂਰੀ ਹੈ। ਫ਼ੋਨ ਨਾਲ ਕੁਨੈਕਸ਼ਨ ਘਟੇਗਾ ਤਾਂ ਪੜ੍ਹਾਈ ਨਾਲ ਵਧੇਗਾ।





ਅੱਲ੍ਹੜ ਬੱਚਿਆਂ ਦੇ ਭਟਕਣ ਦਾ ਸਭ ਤੋਂ ਵੱਡਾ ਅਤੇ ਪਹਿਲਾ ਕਾਰਨ ਉਹਨਾਂ ਦੀ ਦੋਸਤੀ ਹੈ। ਇਸ ਉਮਰ ਵਿੱਚ ਦੋਸਤਾਂ ਨਾਲ ਮਸਤੀ ਕਰਨਾ ਅਤੇ ਘੁੰਮਣਾ ਚੰਗਾ ਹੁੰਦਾ ਹੈ। ਪਰ ਜੇਕਰ ਦੋਸਤੀ ਗਲਤ ਕੰਮ ਕਰਨ ਵਾਲਿਆਂ ਨਾਲ ਹੈ ਤਾਂ ਭਵਿੱਖ ਖ਼ਤਰੇ ਵਿੱਚ ਹੋ ਸਕਦਾ ਹੈ, ਕਿਉਂਕਿ ਅੱਲ੍ਹੜ ਸਹੀ ਅਤੇ ਗਲਤ ਵਿੱਚ ਫਰਕ ਕਰਨ ਲਈ ਇੰਨੇ ਸਿਆਣੇ ਨਹੀਂ ਹੁੰਦੇ ਹਨ। ਇਸ ਲਈ ਮਾਪਿਆਂ ਨੂੰ ਬੱਚੇ ਦੇ ਦੋਸਤਾਂ ਬਾਰੇ ਪੂਰੀ ਜਾਣਕਾਰੀ ਰੱਖਣੀ ਚਾਹੀਦੀ ਹੈ।

ਕੁਝ ਦਹਾਕੇ ਪਹਿਲਾਂ ਅੱਲ੍ਹੜ ਬੱਚਿਆਂ ਨੂੰ ਸਮਾਜ ਦੀ ਵੀ ਸ਼ਰਮ ਹੁੰਦੀ ਸੀ ਅਤੇ ਸਾਂਝੇ ਪਰਿਵਾਰਾਂ ਦੀ ਹੋਂਦ ਹੋਣ ਕਾਰਨ ਅੱਲ੍ਹੜਾਂ ਨੂੰ ਆਪਣੇ ਵਡੇਰਿਆਂ ਦਾ ਵੀ ਡਰ ਹੁੰਦਾ ਸੀ ਪਰ ਹੁਣ ਇਕਹਿਰੇ ਪਰਿਵਾਰਾਂ ਦੀ ਵਧੇਰੇ ਹੋਂਦ ਕਾਰਨ ਬੱਚੇ ਇਕੱਲੇ ਰਹਿਣਾ ਪਸੰਦ ਕਰਦੇ ਹਨ ਜੇ ਉਹਨਾਂ ਨੂੰ ਕਿਸੇ ਗੱਲ 'ਤੇ ਗੁਆਂਢ ਦੀ ਸ਼ਰਮ ਕਰਨ ਦੀ ਗੱਲ ਕੀਤੀ ਜਾਵੇ ਤਾਂ ਉਹਨਾਂ ਦਾ ਕਹਿਣਾ ਹੁੰਦਾ ਹੈ ਕਿ ਇਹ ਉਹਨਾਂ ਦੀ ਆਪਣੀ ਲਾਈਫ਼ ਹੈ, ਉਹ ਜਿਵੇਂ ਮਰਜ਼ੀ ਕਰਨ, ਕਿਸੇ ਨੂੰ ਕੀ ?

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਅੱਲ੍ਹੜ ਉਮਰ ਦੇ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ ਅਤੇ ਅੱਲ੍ਹੜਾਂ ਨੂੰ ਉਹਨਾਂ ਦੇ ਸਰੀਰ ਵਿੱਚ ਹੋਣ ਵਾਲੀਆਂ ਤਬਦੀਲੀਆਂ ਬਾਰੇ ਸਹੀ ਜਾਣਕਾਰੀ ਦੇਣ ਤਾਂ ਕਿ ਇਹ ਬੱਚੇ ਆਪਣੇ ਰਿਜ਼ਕ ਨੂੰ ਸੰਭਾਲ ਕੇ ਰੱਖਣ। ਅਕਸਰ ਅੱਲ੍ਹੜਾਂ ਨੂੰ ਉਹਨਾਂ ਦੇ ਦੋਸਤਾਂ ਜਾਂ ਜਾਣ ਪਹਿਚਾਣ ਵਾਲਿਆਂ ਤੋਂ ਹੀ ਨਸ਼ੇ ਅਤੇ ਹੋਰ ਬੁਰੀਆਂ ਆਦਤਾਂ ਪੈ ਜਾਂਦੀਆਂ ਹਨ, ਇਸ ਲਈ ਮਾਪਿਆਂ ਨੂੰ ਅੱਲ੍ਹੜਾਂ ਦੀ ਹਰ ਸਰਗਰਮੀ 'ਤੇ ਧਿਆਨ ਦੇਣਾ ਚਾਹੀਦਾ ਹੈ। ਜੇ ਅੱਲ੍ਹੜ ਬੱਚਾ ਗੁੰਮਰਾਹ ਹੋ ਰਿਹਾ ਹੋਵੇ ਜਾਂ ਭਟਕ ਰਿਹਾ ਹੋਵੇ ਤਾਂ ਉਸ ਬੱਚੇ ਨਾਲ ਸਖ਼ਤੀ ਕਰਨ ਦੀ ਥਾਂ ਉਸ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਜੇ ਅੱਲ੍ਹੜਪੁਣੇ ਵਿੱਚ ਹੀ ਬੱਚਿਆਂ ਨੂੰ ਨਸ਼ਾ ਅਤੇ ਹੋਰ ਬੁਰਾਈਆਂ ਦੇ ਨੁਕਸਾਨ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਉਹ ਨਸ਼ਾ ਅਤੇ ਹੋਰ ਬੁਰਾਈਆਂ ਤੋਂ ਦੂਰ ਰਹਿਣਗੇ। ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਅਤੇ ਨੌਜਵਾਨਾਂ ਨੂੰ ਨਸ਼ੇ ਤੋਂ ਬਚਾਉਣ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਅੱਲ੍ਹੜ ਉਮਰ ਦੇ ਬੱਚਿਆਂ ਨੂੰ ਸਹੀ ਸੇਧ ਦੇਣ।

# ਜਦੋਂ ਬੱਚਾ ਹੋਵੇ ਗੁਸੈਲ...

## ਬੱਚਿਆਂ ਵਿੱਚ ਵਧਦਾ ਗੁੱਸਾ ਅਤੇ ਚਿੜਚਿੜਾਪਨ



ਤਣਾਅ ਦਾ ਵਧਿਆ ਹੋਇਆ ਪੱਧਰ ਕਿਸੇ ਵੀ ਅੰਡਰਲਾਈਂਗ ਮੈਡੀਕਲ ਸਥਿਤੀ ਅਤੇ ਬੱਚੇ ਦੀਆਂ ਸਰੀਰਕ ਸਮੱਸਿਆਵਾਂ ਨੂੰ ਵਿਗੜ ਸਕਦਾ ਹੈ। ਉਹ ਰੇਸਿੰਗ ਵਿਚਾਰਾਂ ਦਾ ਸਾਹਮਣਾ ਕਰ ਸਕਦੇ ਹਨ। ਭਾਵ, ਇੱਕੋ ਵਿਸ਼ੇ ਬਾਰੇ ਵਾਰ-ਵਾਰ ਸੋਚਣਾ, ਜਾਂ ਉਹ ਇੱਕ ਵਿਚਾਰ ਨੂੰ ਕਈ ਤਰੀਕਿਆਂ ਨਾਲ ਸੋਚ ਸਕਦੇ ਹਨ।

ਜੇਕਰ ਤੁਹਾਡਾ ਬੱਚਾ ਅੱਜ ਕੱਲ੍ਹ ਬਹੁਤ ਜ਼ਿਆਦਾ ਗੁੱਸੇ ਵਿੱਚ ਆ ਰਿਹਾ ਹੈ, ਤਾਂ ਇਹ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਚਿੰਤਾ ਵੱਧ ਰਹੀ ਹੈ। ਇਹ ਨਵੇਂ ਡਰ/ਫੋਬੀਆ ਦੇ ਵਿਕਾਸ ਵੱਲ ਅਗਵਾਈ ਕਰ ਸਕਦਾ ਹੈ। ਇੱਕ ਹੋਰ ਸਮੱਸਿਆ ਜਿਸ ਦਾ ਬੱਚਿਆਂ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ ਉਹ ਹੈ ਰਾਤ ਨੂੰ ਸੌਣ ਵਿੱਚ ਸਮੱਸਿਆ।

ਬੱਚਿਆਂ ਦੀ ਦੇਖ ਭਾਲ ਕਰਨਾ ਬਾਲਗਾਂ ਦੀ ਜ਼ਿੰਮੇਵਾਰੀ ਹੈ। ਦੂਜੇ ਪਾਸੇ, ਬੱਚਿਆਂ ਕੋਲ ਆਪਣੇ ਆਪ ਨੂੰ ਚਿੰਤਾ ਦੇ ਹਨੇਰੇ ਵਿੱਚੋਂ ਬਾਹਰ ਲਿਆਉਣ ਦਾ ਕੋਈ ਸਾਧਨ ਨਹੀਂ ਹੈ। ਚਿੰਤਾ ਉਨ੍ਹਾਂ ਨੂੰ ਬੇਚੈਨ ਕਰ ਸਕਦੀ ਹੈ ਅਤੇ ਉਹ ਸੰਸਾਰ ਪ੍ਰਤੀ ਨਕਾਰਾਤਮਿਕ ਨਜ਼ਰੀਏ ਨਾਲ ਵੱਡੇ ਹੋ ਸਕਦੇ ਹਨ। ਉਹ ਆਪਣੇ ਆਪ ਵਿੱਚ ਰਹਿੰਦੇ ਹਨ ਅਤੇ ਹਮੇਸ਼ਾ ਚਿੰਤਾ, ਤਣਾਅ, ਉਦਾਸੀ ਅਤੇ ਅਸੁਰੱਖਿਆ ਦੀ ਭਾਵਨਾ ਰੱਖਦੇ ਹਨ।

ਮਾਪੇ ਤਣਾਅ ਦੇ ਪੱਧਰ ਨੂੰ ਘਟਾਉਣ ਵਿੱਚ ਕਿਵੇਂ ਮਦਦ ਕਰ ਸਕਦੇ ਹਨ ?

ਹਰ ਬੱਚਾ ਆਪਣੀ ਪਰਿਪੱਕਤਾ ਦੇ ਪੱਧਰ ਦੇ ਅਨੁਸਾਰ ਇੱਕ ਖਾਸ ਤਰੀਕੇ ਨਾਲ ਪ੍ਰਤੀਕ੍ਰਿਆ ਕਰਦਾ ਹੈ। ਇਸ ਲਈ, ਬੱਚੇ ਜਾਂ ਤਾਂ ਆਪਣੇ ਮਾਪਿਆਂ ਨਾਲ ਬਹੁਤ ਜ਼ਿਆਦਾ ਜੁੜੇ ਹੋਏ ਹਨ ਜਾਂ ਆਪਣੇ ਆਪ ਨੂੰ ਅਲੱਗ ਕਰ ਲੈਂਦੇ ਹਨ। ਇਸ ਤੋਂ ਇਲਾਵਾ, ਤੁਹਾਡੇ ਬੱਚੇ ਦੀ ਚਿੰਤਾ ਨੂੰ ਹੱਲ ਕਰਨ ਦਾ ਕੋਈ ਸਿੱਧਾ ਤਰੀਕਾ ਨਹੀਂ ਹੈ। ਹਾਲਾਂ ਕਿ, ਮਾਪੇ ਹੋਣ ਦੇ ਨਾਤੇ, ਅਸੀਂ ਮਦਦ ਲਈ ਕੁਝ ਕਰ ਸਕਦੇ ਹਾਂ ਜਿਵੇਂ ਕਿ:

1. ਸਭ ਤੋਂ ਪਹਿਲਾਂ ਮੌਜੂਦਾ ਸਥਿਤੀ ਬਾਰੇ ਆਪਣੀਆਂ ਨਕਾਰਾਤਮਿਕ ਭਾਵਨਾਵਾਂ ਨੂੰ ਬਾਹਰ ਕੱਢਣ ਦੇ ਤਰੀਕੇ ਲੱਭੋ, ਕਿਉਂਕਿ ਬੱਚੇ ਆਪਣੇ ਆਲੇ ਦੁਆਲੇ ਦੇ ਲੋਕਾਂ ਤੋਂ ਮੂਡ ਨੂੰ ਪ੍ਰਾਪਤ ਕਰਦੇ ਹਨ।



2. ਆਪਣੇ ਬੱਚੇ ਦੀਆਂ ਭਾਵਨਾਵਾਂ ਨੂੰ ਸਵੀਕਾਰ ਕਰੋ ਅਤੇ ਕਦੇ ਵੀ ਉਹਨਾਂ ਵਿਸ਼ਿਆਂ 'ਤੇ ਚਰਚਾ ਨਾ ਕਰੋ ਜੋ ਉਹਨਾਂ ਨੂੰ ਜ਼ਿਆਦਾ ਚਿੰਤਾ ਕਰਦੇ ਹਨ। ਇਹ ਉਹਨਾਂ ਨੂੰ ਆਪਣੀਆਂ ਭਾਵਨਾਵਾਂ ਨੂੰ ਸਵੀਕਾਰ ਕਰਨ ਵਿੱਚ ਮਦਦ ਕਰੇਗਾ।

3. ਉਨ੍ਹਾਂ ਨੂੰ ਦੱਸ ਦਿਓ ਕਿ ਉਨ੍ਹਾਂ ਦੀ ਜ਼ਿੰਦਗੀ ਦੀਆਂ ਕੁਝ ਚੀਜ਼ਾਂ ਉਨ੍ਹਾਂ ਦੇ ਵੱਸ ਤੋਂ ਬਾਹਰ ਹਨ। ਉਹਨਾਂ ਨੂੰ ਸਿਖਾਓ ਕਿ ਉਹਨਾਂ ਸਮੱਸਿਆਵਾਂ/ਸਥਿਤੀਆਂ ਨੂੰ ਕਿਵੇਂ ਹੱਲ ਕਰਨਾ ਹੈ ਜਿਨ੍ਹਾਂ ਬਾਰੇ ਕੁਝ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਪਹਿਲੂਆਂ 'ਤੇ ਧਿਆਨ ਨਹੀਂ ਦਿੱਤਾ ਜਾ ਸਕਦਾ ਹੈ ਜੋ ਉਹਨਾਂ ਦੇ ਨਿਯੰਤਰਣ ਤੋਂ ਬਾਹਰ ਹਨ।

4. ਸੋਸ਼ਲ ਮੀਡੀਆ 'ਤੇ ਉਹਨਾਂ ਦਾ ਸਕ੍ਰੀਨ ਸਮਾਂ ਘਟਾਓ, ਕਿਉਂਕਿ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਾ ਬਹੁਤ ਜ਼ਿਆਦਾ ਐਕਸਪੋਜਰ ਉਹਨਾਂ ਲਈ ਨੁਕਸਾਨਦੇਹ ਹੋ ਸਕਦਾ ਹੈ। ਨਾਲ ਹੀ, ਉਨ੍ਹਾਂ ਨੂੰ ਖੇਡਣ ਲਈ ਉਤਸ਼ਾਹਿਤ ਕਰੋ, ਉਨ੍ਹਾਂ ਦੀਆਂ ਰੁਚੀਆਂ ਅਤੇ ਸ਼ੌਕਾਂ ਦਾ ਪਤਾ ਲਗਾਓ ਅਤੇ ਉਨ੍ਹਾਂ ਨਾਲ ਖੇਡਣਾ ਸ਼ੁਰੂ ਕਰੋ।

5. ਯਕੀਨੀ ਬਣਾਓ ਕਿ ਨਿਯਮਤ ਕਸਰਤ ਅਤੇ ਨੀਂਦ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਉਨ੍ਹਾਂ ਲਈ ਇੱਕ ਰੁਟੀਨ ਸੈੱਟ ਕਰੋ, ਕਿਉਂਕਿ ਇਸ ਨਾਲ ਉਨ੍ਹਾਂ ਦਾ ਧਿਆਨ ਹੋਰ ਚੀਜ਼ਾਂ ਤੋਂ ਹਟਾਉਣ ਵਿੱਚ ਮਦਦ ਮਿਲੇਗੀ। ਮਜ਼ੇਦਾਰ, ਆਰਾਮ ਅਤੇ ਉਤਪਾਦਕਤਾ ਵਿਚਕਾਰ ਸੰਤੁਲਨ ਲੱਭਣ ਵਿੱਚ ਉਹਨਾਂ ਦੀ ਮਦਦ ਕਰੋ।

# ਤਲਾਕਸ਼ੁਦਾ ਔਰਤ ਦਾ ਦਰਦ



ਜਦੋਂ ਔਰਤ-ਮਰਦ ਪਿਆਰ ਭਰਿਆ ਰਿਸ਼ਤਾ ਕਾਇਮ ਰੱਖਦੇ ਹਨ ਤਾਂ ਦੋਵਾਂ ਦੀ ਜ਼ਿੰਦਗੀ ਖੁਸ਼ਹਾਲ ਹੋ ਜਾਂਦੀ ਹੈ। ਘਰ, ਪਰਿਵਾਰ, ਬੱਚੇ, ਰਿਸ਼ਤੇ ਹਰ ਪਾਸੇ ਸਕਾਰਾਤਮਕਤਾ ਦਿਖਾਈ ਦਿੰਦੀ ਹੈ। ਪਰ ਜਦੋਂ ਨਫ਼ਰਤ ਨਾਲ ਰਿਸ਼ਤਾ ਕਾਇਮ ਰੱਖਿਆ ਜਾਂਦਾ ਹੈ, ਤਾਂ ਇਸਦੇ ਨਤੀਜੇ ਘਾਤਕ ਹੁੰਦੇ ਹਨ। ਘਰ, ਪਰਿਵਾਰ, ਬੱਚੇ, ਰਿਸ਼ਤੇ, ਸਭ ਕੁਝ ਟੁੱਟ ਜਾਂਦਾ ਹੈ। ਤਲਾਕ ਨਾ ਸਿਰਫ਼ ਦੋ ਲੋਕਾਂ ਨੂੰ ਵੱਖ ਕਰਦਾ ਹੈ, ਇਹ ਦੋ ਪਰਿਵਾਰਾਂ ਨੂੰ ਵੀ ਵਿਗਾੜਦਾ ਹੈ।

ਕੋਈ ਵੀ ਔਰਤ ਤਲਾਕ ਦਾ ਫੈਸਲਾ ਉਦੋਂ ਲੈਂਦੀ ਹੈ ਜਦੋਂ ਉਸ ਲਈ ਉਸ ਰਿਸ਼ਤੇ ਵਿੱਚ ਰਹਿਣਾ ਮੁਸ਼ਕਲ ਹੋ ਜਾਂਦਾ ਹੈ। ਨਹੀਂ ਤਾਂ ਉਹ ਆਪਣੇ ਬੱਚਿਆਂ ਦੇ ਭਵਿੱਖ ਦੀ ਖ਼ਾਤਰ ਸਭ ਕੁਝ ਚੁੱਪ-ਚਾਪ ਬਰਦਾਸ਼ਤ ਕਰ ਲੈਂਦੀ ਹੈ। ਪਰ ਜਦੋਂ ਕੋਈ ਔਰਤ ਤਲਾਕ ਲੈਣ ਦਾ ਫ਼ੈਸਲਾ ਕਰ ਲੈਂਦੀ ਹੈ, ਤਾਂ ਉਸ ਦੀ ਜ਼ਿੰਦਗੀ ਆਮ ਵਾਂਗ ਨਹੀਂ ਰਹਿੰਦੀ। ਤਲਾਕ ਦਾ ਔਰਤ ਦੀ ਜ਼ਿੰਦਗੀ 'ਤੇ ਕੀ ਅਸਰ ਪੈਂਦਾ ਹੈ, ਲੋਕ ਉਸ ਤੋਂ ਕਿਵੇਂ ਮੂੰਹ ਮੋੜ ਲੈਂਦੇ ਹਨ, ਸਮਾਜ ਉਸ ਲਈ ਕਿੰਨਾ ਬਦਲਦਾ ਹੈ... ਰਿਲੇਸ਼ਨਸ਼ਿਪ ਕਾਊਂਸਲਰ ਡਾ. ਮਾਧਵੀ ਸੇਠ ਨੇ ਤਲਾਕ ਨਾਲ ਜੁੜੇ ਅਜਿਹੇ ਕਈ ਅਹਿਮ ਪਹਿਲੂਆਂ ਬਾਰੇ ਦੱਸਿਆ। ਜੇਕਰ ਪਤੀ-ਪਤਨੀ ਆਪਸੀ ਸਹਿਮਤੀ ਨਾਲ ਵੱਖ ਹੋ ਜਾਣ ਤਾਂ ਆਉਣ ਵਾਲੇ ਜੀਵਨ ਵਿੱਚ ਇੱਕ ਦੂਜੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ। ਦੋਵੇਂ ਆਪਣੀ ਜ਼ਿੰਦਗੀ ਵਿੱਚ ਖੁਸ਼ੀ ਨਾਲ ਅੱਗੇ ਵਧਦੇ ਹਨ, ਪਰ ਜੇਕਰ ਰਿਸ਼ਤਾ ਨਫਰਤ ਨਾਲ ਖਤਮ ਹੋ ਜਾਵੇ ਤਾਂ ਇਹ ਨਫਰਤ ਜ਼ਿਆਦਾ ਦੇਰ ਤੱਕ ਤੁਹਾਡਾ ਪਿੱਛਾ ਨਹੀਂ ਛੱਡਦੀ। ਖਾਸ ਕਰਕੇ ਔਰਤ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਪੂਰੀ ਕੋਸ਼ਿਸ਼ ਕਰਦੀ ਹੈ।

**ਅਤੀਤ ਵੀ ਸਾਡੇ ਨਾਲ ਜਾਂਦਾ ਹੈ**

ਤਲਾਕ ਤੋਂ ਬਾਅਦ ਹੁਣ ਜ਼ਿੰਦਗੀ ਪਹਿਲਾਂ ਵਰਗੀ ਆਮ ਨਹੀਂ ਰਹੀ। ਅਤੀਤ ਹਰ ਕਦਮ 'ਤੇ ਤੁਹਾਡੇ ਸਾਹਮਣੇ ਖੜ੍ਹਾ ਹੈ।

ਪਤੀ-ਪਤਨੀ ਦਾ ਰਿਸ਼ਤਾ ਪਿਆਰ ਅਤੇ ਵਿਸ਼ਵਾਸ 'ਤੇ ਆਧਾਰਿਤ ਹੈ। ਇਸ ਤੋਂ ਬਿਨਾਂ ਰਿਸ਼ਤੇ ਨੂੰ ਅੱਗੇ ਲਿਜਾਣਾ ਬਹੁਤ ਮੁਸ਼ਕਲ ਹੈ। ਤੁਹਾਡੇ ਵਾਂਗ ਕਈ ਪੜ੍ਹੀਆਂ-ਲਿਖੀਆਂ ਔਰਤਾਂ ਬੰਦ ਕਮਰਿਆਂ ਵਿੱਚ ਆਪਣੇ ਪਤੀਆਂ ਦੀ ਕੁੱਟਮਾਰ ਦਾ ਸੰਤਾਪ ਭੋਗਦੀਆਂ ਹਨ ਅਤੇ ਬਾਹਰ ਕਿਸੇ ਨੂੰ ਕੁਝ ਪਤਾ ਨਹੀਂ ਲੱਗਣ ਦਿੰਦੀਆਂ। ਔਰਤਾਂ ਆਪਣੇ ਵਿਆਹ ਅਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਆਪਣੇ ਪਤੀਆਂ ਦੇ ਜ਼ੁਲਮਾਂ ਨੂੰ ਬਰਦਾਸ਼ਤ ਕਰਦੀਆਂ ਹਨ।

**ਬੱਚਿਆਂ 'ਤੇ ਅਪਮਾਨਜਨਕ ਸਬੰਧਾਂ ਦਾ ਪ੍ਰਭਾਵ**

ਪਤੀ-ਪਤਨੀ ਦੇ ਅਪਮਾਨਜਨਕ ਰਿਸ਼ਤੇ ਦਾ ਅਸਰ ਬੱਚਿਆਂ 'ਤੇ ਵੀ ਪੈਂਦਾ ਹੈ। ਉਨ੍ਹਾਂ ਬੱਚਿਆਂ ਦੇ ਮਨਾਂ ਵਿੱਚ ਡਰ ਪੈਦਾ ਹੁੰਦਾ ਹੈ ਜਿਨ੍ਹਾਂ ਦੇ ਮਾਪੇ ਉਨ੍ਹਾਂ ਦੇ ਸਾਹਮਣੇ ਲੜਦੇ ਹਨ ਜਾਂ ਜੋ ਆਪਣੀ ਮਾਂ ਨੂੰ ਆਪਣੇ ਪਿਤਾ ਦੁਆਰਾ ਘਰ ਵਿੱਚ ਕੁੱਟਦੇ ਦੇਖਦੇ ਹਨ। ਉਹ ਖੁੱਲ੍ਹ ਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਨਹੀਂ ਕਰ ਪਾਉਂਦੇ। ਅਜਿਹੇ ਬੱਚੇ ਵੱਡੇ ਹੋ ਕੇ ਵਿਆਹ ਕਰਵਾਉਣ ਤੋਂ ਬਚਦੇ ਹਨ। ਉਹ ਆਸਾਨੀ ਨਾਲ ਕਿਸੇ 'ਤੇ ਭਰੋਸਾ ਕਰਨ ਦੇ ਯੋਗ ਨਹੀਂ ਹੁੰਦੇ।



# ਬੱਚਿਆਂ ਦੀ ਸਿਹਤ ਲਈ ਕਿੰਨੇ ਕੁ ਫਾਇਦੇਮੰਦ ਹਨ ਮਸਾਲੇ ?

ਸਾਡੀ ਰਸੋਈ ਵਿੱਚ ਕਈ ਅਜਿਹੇ ਮਸਾਲੇ ਅਤੇ ਜੜੀ-ਬੂਟੀਆਂ ਮੌਜੂਦ ਹਨ ਜੋ ਸਿਹਤ ਲਈ ਬਹੁਤ ਫਾਇਦੇਮੰਦ ਹਨ। ਮਸਾਲੇ ਸਾਡੇ ਭੋਜਨ ਨੂੰ ਸੁਆਦ ਦੇਣ ਦੇ ਨਾਲ-ਨਾਲ ਸ਼ਾਨਦਾਰ ਖੁਸ਼ਬੂ ਪ੍ਰਦਾਨ ਕਰਦੇ ਹਨ। ਨਾਲ ਹੀ, ਉਹ ਬਹੁਤ ਸਾਰੀਆਂ ਸਿਹਤ ਸਮੱਸਿਆਵਾਂ ਦੇ ਜੋਖਮ ਨੂੰ ਘਟਾਉਣ ਲਈ ਜਾਣੇ ਜਾਂਦੇ ਹਨ। ਅਕਸਰ ਮਾਪੇ ਇਸ ਗੱਲ ਨੂੰ ਲੈ ਕੇ ਬਹੁਤ ਉਲਝਣ ਵਿੱਚ ਹੁੰਦੇ ਹਨ ਕਿ ਕੀ ਛੋਟੇ ਬੱਚਿਆਂ ਨੂੰ ਮਸਾਲੇ ਖੁਆਏ ਜਾਣ ? ਜਾਂ ਕਿਸ ਉਮਰ ਤੋਂ ਉਨ੍ਹਾਂ ਨੂੰ ਮਸਾਲੇ ਖੁਆਉਣਾ ਸੁਰੱਖਿਅਤ ਹੈ ? ਬੱਚਿਆਂ ਨੂੰ 6 ਮਹੀਨੇ ਤੱਕ ਸਿਰਫ਼ ਮਾਂ ਦਾ ਦੁੱਧ ਹੀ ਪਿਲਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਠੋਸ ਭੋਜਨ ਖਾਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਛੋਟੇ ਬੱਚਿਆਂ ਦੀ ਪਾਚਨ ਸ਼ਕਤੀ ਖਰਾਬ ਹੁੰਦੀ ਹੈ, ਇਸ ਲਈ ਉਨ੍ਹਾਂ ਨੂੰ ਘੱਟ ਮਾਤਰਾ ਵਿੱਚ ਠੋਸ ਭੋਜਨ ਖੁਆਇਆ ਜਾਂਦਾ ਹੈ। ਬੱਚਿਆਂ ਨੂੰ ਮਸਾਲਾ ਖੁਆਉਣਾ ਬਹੁਤ ਫਾਇਦੇਮੰਦ ਹੁੰਦਾ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੀ ਇਮਿਊਨਿਟੀ ਮਜ਼ਬੂਤ ਹੁੰਦੀ ਹੈ। ਜਦੋਂ ਤੁਸੀਂ ਆਪਣੇ ਬੱਚੇ ਨੂੰ ਠੋਸ ਪਦਾਰਥ ਦੇਣਾ ਸ਼ੁਰੂ ਕਰਦੇ ਹੋ, ਤਾਂ ਤੁਸੀਂ ਉਹਨਾਂ ਦੇ ਭੋਜਨ ਵਿੱਚ ਥੋੜ੍ਹੀ ਮਾਤਰਾ ਵਿੱਚ ਕੁਝ ਮਸਾਲੇ ਪਾ ਸਕਦੇ ਹੋ ਪਰ ਸਾਰੇ ਮਸਾਲੇ ਨਹੀਂ।

**ਬੱਚਿਆਂ ਲਈ ਫਾਇਦੇਮੰਦ ਮਸਾਲੇ**

**1. ਹਲਦੀ**

ਤੁਸੀਂ 8 ਮਹੀਨੇ ਦੀ ਉਮਰ ਤੋਂ ਬਾਅਦ ਬੱਚੇ ਨੂੰ ਹਲਦੀ ਦੇਣਾ ਸ਼ੁਰੂ ਕਰ ਸਕਦੇ ਹੋ। ਤੁਸੀਂ ਬੱਚਿਆਂ ਨੂੰ ਦਾਲ, ਸਾਂਭਰ, ਹੋਰ ਸਬਜ਼ੀਆਂ ਅਤੇ ਪਰੀਆਂ ਵਿੱਚ ਇੱਕ ਛੋਟੀ ਚੁਟਕੀ ਹਲਦੀ ਮਿਲਾ ਕੇ ਖੁਆ ਸਕਦੇ ਹੋ। ਹਲਦੀ ਦੇ ਸੇਵਨ ਨਾਲ ਉਨ੍ਹਾਂ ਦਾ ਪਾਚਨ ਕਿਰਿਆ ਠੀਕ ਰਹੇਗੀ, ਰੋਗ ਪ੍ਰਤੀਰੋਧਕ ਸ਼ਕਤੀ ਮਜ਼ਬੂਤ ਹੋਵੇਗੀ, ਐਲਰਜੀ ਤੋਂ ਬਚਾਅ ਰਹੇਗਾ ਅਤੇ ਸਾਹ ਲੈਣ ਦੀ ਸਮੱਸਿਆ ਵੀ ਨਹੀਂ ਹੋਵੇਗੀ।

**2. ਮਿਰਚ ਪਾਊਡਰ**

ਤੁਹਾਨੂੰ 18 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਦੇ ਭੋਜਨ ਵਿੱਚ ਮਿਰਚ ਪਾਊਡਰ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਫਿਰ ਵੀ ਤੁਹਾਨੂੰ ਪਕਵਾਨਾਂ ਵਿੱਚ ਇਸ ਦੀ ਵਰਤੋਂ ਬਹੁਤ ਘੱਟ ਮਾਤਰਾ ਵਿੱਚ ਕਰਨੀ ਪਵੇਗੀ। ਇਹ ਇੱਕ ਸਾੜ ਵਿਰੋਧੀ ਏਜੰਟ ਦੇ ਤੌਰ 'ਤੇ ਕੰਮ ਕਰਦਾ ਹੈ.

**3. ਅਦਰਕ**

ਤੁਹਾਨੂੰ 2 ਸਾਲ ਦੀ ਉਮਰ ਤੋਂ ਬਾਅਦ ਬੱਚਿਆਂ ਨੂੰ ਅਦਰਕ ਖੁਆਉਣਾ ਚਾਹੀਦਾ ਹੈ। ਤੁਸੀਂ ਅਦਰਕ ਨੂੰ ਸਬਜ਼ੀਆਂ ਅਤੇ ਚਾਵਲ, ਬਿਰਯਾਨੀ ਵਰਗੇ ਪਕਵਾਨਾਂ ਵਿੱਚ ਮਿਲਾ ਕੇ ਬੱਚਿਆਂ ਨੂੰ ਦੇ ਸਕਦੇ ਹੋ, ਪਰ ਥੋੜ੍ਹੀ ਮਾਤਰਾ ਵਿੱਚ। ਅਦਰਕ ਪਾਚਨ ਕਿਰਿਆ ਨੂੰ ਸੁਧਾਰਨ, ਮਤਲੀ ਅਤੇ ਉਲਟੀਆਂ ਨੂੰ ਰੋਕਣ ਵਿੱਚ ਮਦਦ ਕਰਦਾ ਹੈ। ਨਾਲ ਹੀ ਇਹ ਸਾਹ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ 'ਚ ਵੀ ਬਹੁਤ ਫਾਇਦੇਮੰਦ ਹੁੰਦਾ ਹੈ।

**4. ਲਸਣ**

ਤੁਸੀਂ 8-10 ਮਹੀਨਿਆਂ ਬਾਅਦ ਬੱਚੇ ਨੂੰ ਲਸਣ ਦੇ ਸਕਦੇ ਹੋ। ਲਸਣ ਦੀ ਵਰਤੋਂ ਦਾਲ, ਸਾਂਭਰ, ਕੜ੍ਹੀ ਅਤੇ ਸਬਜ਼ੀਆਂ ਆਦਿ ਵਿੱਚ ਕੀਤੀ ਜਾ ਸਕਦੀ ਹੈ। ਇਹ ਗੈਸਟ੍ਰਿਕ ਸਮੱਸਿਆਵਾਂ ਤੋਂ ਰਾਹਤ ਪ੍ਰਦਾਨ ਕਰਦਾ ਹੈ ਅਤੇ ਐਂਟੀਮਾਈਕਰੋਬਾਇਲ ਏਜੰਟ ਵਜੋਂ ਕੰਮ ਕਰਦਾ ਹੈ।

**5. ਜੀਰਾ**

ਜੀਰੇ ਦਾ ਸੇਵਨ 8 ਮਹੀਨਿਆਂ ਤੋਂ ਬਾਅਦ ਬੱਚਿਆਂ ਲਈ ਵੀ ਸੁਰੱਖਿਅਤ ਹੈ। ਤੁਸੀਂ ਦਾਲ, ਸਾਂਭਰ, ਚੱਟਣੀ, ਕੜ੍ਹੀ, ਸਬਜ਼ੀਆਂ ਆਦਿ ਵਿੱਚ ਜੀਰੇ ਦੀ ਵਰਤੋਂ ਕਰ ਸਕਦੇ ਹੋ। ਇਹ ਪੇਟ ਵਿੱਚ ਕੀੜਿਆਂ ਦਾ ਇਲਾਜ ਕਰਦਾ ਹੈ, ਕੋਲੀਕ, ਸਾਹ ਦੀਆਂ ਬਿਮਾਰੀਆਂ, ਅਨੀਮੀਆ ਤੋਂ ਛੁਟਕਾਰਾ ਪਾਉਂਦਾ ਹੈ ਅਤੇ ਇਮਿਊਨਿਟੀ ਨੂੰ ਮਜ਼ਬੂਤ ਕਰਦਾ ਹੈ।

**6. ਮੇਥੀ ਦੇ ਬੀਜ**

18 ਮਹੀਨਿਆਂ ਤੋਂ ਬਾਅਦ, ਤੁਸੀਂ ਆਪਣੇ ਬੱਚੇ ਦੀ ਖੁਰਾਕ ਵਿੱਚ ਮੇਥੀ ਦੇ ਬੀਜ ਸ਼ਾਮਲ ਕਰ ਸਕਦੇ ਹੋ। ਇਸ ਦੀ ਵਰਤੋਂ ਇਡਲੀ-ਡੋਸਾ, ਸਬਜ਼ੀਆਂ ਵਿੱਚ ਥੋੜ੍ਹੀ ਮਾਤਰਾ ਵਿੱਚ ਕੀਤੀ ਜਾ ਸਕਦੀ ਹੈ। ਇਸ ਨਾਲ ਪਾਚਨ ਕਿਰਿਆ ਨੂੰ ਠੀਕ ਕਰਨ 'ਚ ਮਦਦ ਮਿਲੇਗੀ।

**7. ਧਨੀਆ**

ਧਨੀਏ ਦੇ ਬੀਜ ਅਤੇ ਪਾਊਡਰ ਨੂੰ 8 ਮਹੀਨੇ ਬਾਅਦ ਬੱਚੇ ਦੀ ਖੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਪਰ ਸਿਰਫ਼ ਥੋੜ੍ਹੀ ਮਾਤਰਾ ਵਿੱਚ ਪਾਓ। ਇਹ ਪੇਟ ਦੀਆਂ ਸਮੱਸਿਆਵਾਂ ਨੂੰ ਰੋਕਣ ਅਤੇ ਘਟਾਉਣ ਵਿੱਚ ਮਦਦ ਕਰਦਾ ਹੈ।

**8. ਪੁਦੀਨਾ**

ਪੁਦੀਨੇ ਨੂੰ 8 ਮਹੀਨਿਆਂ ਬਾਅਦ ਬੱਚਿਆਂ ਦੀ ਖੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਦੀ ਵਰਤੋਂ ਚੱਟਣੀ, ਕੜ੍ਹੀ ਅਤੇ ਚਾਵਲ ਆਦਿ ਵਿੱਚ ਕੀਤੀ ਜਾ ਸਕਦੀ ਹੈ। ਇਹ ਪਾਚਨ ਕਿਰਿਆ ਨੂੰ ਸੁਧਾਰਨ, ਸਾਹ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਅਤੇ ਬੱਚਿਆਂ ਨੂੰ ਸ਼ਾਂਤ ਕਰਨ ਵਿੱਚ ਮਦਦ ਕਰਦਾ ਹੈ। ਮੂੰਹ ਦੀ ਸਿਹਤ ਲਈ ਵੀ ਚੰਗਾ ਹੈ।

**ਬੱਚਿਆਂ ਨੂੰ ਮਸਾਲਾ ਦਿੰਦੇ ਸਮੇਂ ਇਨ੍ਹਾਂ ਗੱਲਾਂ ਦਾ ਰੱਖੋ ਧਿਆਨ**

ਜਦੋਂ ਤੁਸੀਂ ਬੱਚਿਆਂ ਦੀ ਖੁਰਾਕ 'ਚ ਮਸਾਲੇ ਪਾਉਣਾ ਸ਼ੁਰੂ ਕਰਦੇ ਹੋ ਤਾਂ ਜ਼ਰੂਰ ਦੇਖੋ ਕਿ ਬੱਚਿਆਂ 'ਚ ਕੋਈ ਐਲਰਜੀ ਤਾਂ ਨਹੀਂ ਹੈ। ਜੇਕਰ ਤੁਹਾਨੂੰ ਚਮੜੀ 'ਤੇ ਧੱਫੜ, ਲਾਲ ਚਮੜੀ, ਚਿਹਰੇ/ਜੀਭ/ਬੁੱਲ੍ਹਾਂ ਦੀ ਸੋਜ, ਉਲਟੀਆਂ ਦਸਤ, ਸਾਹ ਚੜ੍ਹਨਾ, ਖੰਘ, ਚੱਕਰ ਆਉਣੇ ਆਦਿ ਹੋਣ ਤਾਂ ਤੁਰੰਤ ਆਪਣੇ ਡਾਕਟਰ ਨਾਲ ਸੰਪਰਕ ਕਰੋ। ਇਸ ਦੇ ਕਾਰਨਾਂ ਅਤੇ ਜ਼ਰੂਰੀ ਸਾਵਧਾਨੀਆਂ ਬਾਰੇ ਉਨ੍ਹਾਂ ਨਾਲ ਗੱਲ ਕਰੋ।



# ਵਿਗਿਆਨੀਆਂ ਦੀ ਵੱਡੀ ਚਿਤਾਵਨੀ, 2030 ਤਕ ਐੱਚ.ਆਈ.ਵੀ.-ਏਡਜ਼ ਨਾਲ 29 ਲੱਖ ਲੋਕਾਂ ਦੀ ਹੋਵੇਗੀ ਮੌਤ !

ਮੈਲਬੌਰਨ, 30 ਮਾਰਚ (ਪ੍ਰਤੀਨਿਧੀ) : ਹਾਲ ਹੀ 'ਚ ਐੱਚ.ਆਈ.ਵੀ.-ਏਡਜ਼ ਨੂੰ ਲੈ ਕੇ ਇੱਕ ਹੈਰਾਨ ਕਰਨ ਵਾਲੀ ਰਿਪੋਰਟ ਸਾਹਮਣੇ ਆਈ ਹੈ, ਜਿਸ ਨੇ ਪੂਰੀ ਦੁਨੀਆਂ 'ਚ ਚਿੰਤਾ ਵਧਾ ਦਿੱਤੀ ਹੈ। ਇੱਕ ਨਵੀਂ ਖੋਜ ਅਨੁਸਾਰ, ਜੇਕਰ ਐੱਚ.ਆਈ.ਵੀ. ਦੇ ਇਲਾਜ ਅਤੇ ਰੋਕਥਾਮ ਲਈ ਫ਼ੰਡਿੰਗ ਵਿੱਚ ਗਿਰਾਵਟ ਜਾਰੀ ਰਹੀ ਤਾਂ 2025 ਤੋਂ 2030 ਦੇ ਵਿੱਚਕਾਰ 18 ਮਿਲੀਅਨ ਨਵੇਂ ਐੱਚ.ਆਈ.ਵੀ. ਸੰਕਰਮਣ ਹੋ ਸਕਦੇ ਹਨ ਅਤੇ 29 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਸਕਦੀ ਹੈ।

ਇਹ ਅਧਿਐਨ ਆਸਟ੍ਰੇਲੀਆ ਦੇ ਮੈਲਬੌਰਨ ਸਥਿਤ ਬਰਨੇਟ ਇੰਸਟੀਚਿਊਟ ਦੇ ਖੋਜਕਰਤਾਵਾਂ ਨੇ ਕੀਤਾ ਹੈ। ਇਹ ਵੱਕਾਰੀ ਮੈਡੀਕਲ ਜਰਨਲ 'ਦਿ ਲੈਂਸੇਟ ਐੱਚ. ਆਈ. ਵੀ.' ਵਿੱਚ ਪ੍ਰਕਾਸ਼ਿਤ ਹੋਇਆ ਸੀ। ਖੋਜਕਰਤਾਵਾਂ ਨੇ 26 ਦੇਸ਼ਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਲਈ ਗਣਿਤਿਕ ਮਾਡਲਾਂ ਦੀ ਵਰਤੋਂ ਕੀਤੀ, ਇਹ ਪਤਾ ਲਗਾਇਆ ਕਿ ਜੇਕਰ ਅੰਤਰਰਾਸ਼ਟਰੀ ਫ਼ੰਡਿੰਗ ਕਟੌਤੀ ਜਾਰੀ ਰਹਿੰਦੀ ਹੈ ਤਾਂ ਐੱਚ.ਆਈ.ਵੀ.-ਏਡਜ਼ ਦੇ ਵਿਰੁੱਧ ਦਹਾਕਿਆਂ ਦੀ ਕੋਸ਼ਿਸ਼ ਨੂੰ ਰੱਦ ਕੀਤਾ ਜਾ ਸਕਦਾ ਹੈ।

ਐੱਚ.ਆਈ.ਵੀ. ਦੀ ਰੋਕਥਾਮ ਅਤੇ




ਇਲਾਜ ਲਈ ਫ਼ੰਡਿੰਗ ਦਾ ਵੱਡਾ ਹਿੱਸਾ ਸੰਯੁਕਤ ਰਾਜ, ਯੂਨਾਈਟਿਡ ਕਿੰਗਡਮ, ਫ਼ਰਾਂਸ, ਜਰਮਨੀ ਅਤੇ ਨੀਦਰਲੈਂਡ ਵਰਗੇ ਦੇਸ਼ਾਂ ਤੋਂ ਆਉਂਦਾ ਹੈ, ਪਰ ਇਨ੍ਹਾਂ ਦੇਸਾਂ ਨੇ ਹਾਲ ਹੀ ਵਿੱਚ ਵਿਦੇਸ਼ੀ ਸਹਾਇਤਾ ਵਿੱਚ ਕਟੌਤੀ ਕਰਨ ਦਾ ਫ਼ੈਸਲਾ ਕੀਤਾ ਹੈ, ਜਿਸ ਨਾਲ ਐੱਚ.ਆਈ.ਵੀ. ਨਾਲ ਸਬੰਧਤ ਸਿਹਤ ਸੇਵਾਵਾਂ ਪ੍ਰਭਾਵਿਤ ਹੋ ਸਕਦੀਆਂ ਹਨ। ਖੋਜ ਨੇ ਇਹ ਵੀ ਪਾਇਆ ਕਿ 2026 ਤਕ ਵਿਸ਼ਵ-ਵਿਆਪੀ ਐੱਚ.ਆਈ.ਵੀ.-ਸਬੰਧਤ ਫ਼ੰਡਿੰਗ 24% ਤਕ ਘੱਟ ਸਕਦੀ ਹੈ। ਇਕੱਲੇ 2023 ਵਿੱਚ ਏਡਜ਼ ਨਾਲ ਸਬੰਧਤ ਬਿਮਾਰੀਆਂ ਕਾਰਨ 6.3 ਲੱਖ ਮੌਤਾਂ ਹੋਈਆਂ ਸਨ। ਜੇਕਰ ਇਸ ਕਮੀ ਨੂੰ ਦੂਰ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਾਲਾਂ ਵਿੱਚ ਇਹ ਗਿਣਤੀ ਕਈ ਗੁਣਾ ਵੱਧ ਸਕਦੀ ਹੈ।

* ਐੱਚ.ਆਈ.ਵੀ. ਦੀ ਲਾਗ ਦੇ ਨਵੇਂ ਮਾਮਲਿਆਂ ਵਿੱਚ ਵਾਧਾ।
* ਏਡਜ਼ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਵਾਧਾ।
* ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਦਵਾਈਆਂ ਦੀ ਭਾਰੀ ਕਮੀ।
* ਏਡਜ਼ ਪੀੜਤਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਿਹਤ ਸੇਵਾਵਾਂ ਵਿੱਚ ਗਿਰਾਵਟ।
* ਬਿਮਾਰੀ ਨੂੰ ਫ਼ੈਲਣ ਤੋਂ ਰੋਕਣ ਲਈ ਚਲਾਈਆਂ ਜਾ ਰਹੀਆਂ ਮੁਹਿੰਮਾਂ 'ਤੇ ਅਸਰ।

ਐੱਚ.ਆਈ.ਵੀ. (ਹਿਊਮਨ ਇਮਿਊਨੋਡੈਫ਼ੀਸੀਐਂਸੀ ਵਾਇਰਸ) ਸਰੀਰ ਦੀ ਇਮਿਊਨ ਸਿਸਟਮ 'ਤੇ ਹਮਲਾ ਕਰਦਾ ਹੈ ਅਤੇ ਜੇਕਰ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਏਡਜ਼ (ਐਕਵਾਇਰਡ ਇਮਿਊਨੋਡੈਫ਼ੀਸੀਐਂਸੀ ਸਿੰਡਰੋਮ) ਵਿੱਚ ਬਦਲ ਜਾਂਦਾ ਹੈ। ਇਹ ਬਿਮਾਰੀ ਅਜੇ ਵੀ ਲਾ-ਇਲਾਜ ਹੈ, ਪਰ ਐਂਟੀ-ਰੇਟਰੋਵਾਇਰਲ ਥੈਰੇਪੀ (ਏ.ਆਰ.ਟੀ.) ਦੀ ਮਦਦ ਨਾਲ ਇਸ ਨੂੰ ਕਾਫ਼ੀ ਹੱਦ ਤਕ ਕਾਬੂ ਕੀਤਾ ਜਾ ਸਕਦਾ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸੰਕਟ ਨੂੰ ਰੋਕਣ ਲਈ ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਫ਼ੰਡਾਂ ਦੀ ਕਮੀ ਨੂੰ ਦੂਰ ਕਰਨ ਲਈ ਕਦਮ ਚੁੱਕਣੇ ਪੈਣਗੇ। ਨਾਲ ਹੀ ਏਡਜ਼ ਬਾਰੇ ਜਾਗਰੂਕਤਾ ਵਧਾਉਣ ਅਤੇ ਰੋਕਥਾਮ ਦੇ ਉਪਾਅ ਅਪਣਾਉਣ ਦੀ ਲੋੜ ਹੈ।

ਮਾਮਲੇ ਨਾਲ ਸਬੰਧਤ ਮੁੱਖ ਤੱਥ :

* 2025 ਅਤੇ 2030 ਵਿੱਚਕਾਰ 18 ਮਿਲੀਅਨ ਨਵੇਂ ਐੱਚ.ਆਈ.ਵੀ. ਸੰਕਰਮਣ ਹੋ ਸਕਦੇ ਹਨ।
* 29 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋਣ ਦਾ ਅੰਦਾਜ਼ਾ ਹੈ।
* 2026 ਤਕ ਗਲੋਬਲ ਐੱਚ.ਆਈ.ਵੀ. ਫ਼ੰਡਿੰਗ ਵਿੱਚ 24% ਦੀ ਗਿਰਾਵਟ ਆ ਸਕਦੀ ਹੈ।
* ਅਮਰੀਕਾ, ਯੂ.ਕੇ., ਫ਼ਰਾਂਸ, ਜਰਮਨੀ ਅਤੇ ਨੀਦਰਲੈਂਡ ਵਰਗੇ ਦੇਸ਼ਾਂ ਨੇ ਫ਼ੰਡਾਂ ਵਿੱਚ ਕਟੌਤੀ ਦਾ ਐਲਾਨ ਕੀਤਾ ਹੈ।
* ਇਕੱਲੇ 2023 ਵਿੱਚ ਹੀ ਏਡਜ਼ ਕਾਰਨ 6.3 ਲੱਖ ਲੋਕਾਂ ਦੀ ਮੌਤ ਹੋ ਚੁੱਕੀ ਹੈ।

# ਕੈਲੇਫ਼ੋਰਨੀਆ 'ਚ ਅਪਰਾਧਿਕ ਸਰਗਰਮੀਆਂ ਤੇ ਹਥਿਆਰ ਰੱਖਣ ਦੇ ਦੋਸ਼ 'ਚ ਇੱਕ ਭਾਰਤੀ ਗ੍ਰਿਫ਼ਤਾਰ

ਨਿਊਯਾਰਕ, 30 ਮਾਰਚ (ਪ੍ਰਤੀਨਿਧੀ) : ਯੂ. ਐੱਸ. ਇੰਮੀਗ੍ਰੇਸ਼ਨ ਐਂਡ ਕਸਟਮਜ਼ ਇਨਫ਼ੋਰਸਮੈਂਟ (ਆਈ.ਸੀ.ਈ.) ਨੇ ਕੈਲੇਫ਼ੋਰਨੀਆ ਦੇ ਫ਼ਰੈਂਚ ਕੈਂਪ ਵਿੱਚ ਇੱਕ ਭਾਰਤੀ ਨੂੰ ਅਪਰਾਧਿਕ ਸਰਗਰਮੀਆਂ ਤੇ ਹਥਿਆਰ ਰੱਖਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ 23 ਸਾਲਾ ਗੁਰਦੇਵ ਸਿੰਘ ਨੂੰ ਪਹਿਲਾਂ 2 ਸਤੰਬਰ, 2023 ਨੂੰ ਐਰੀਜੋਨਾ ਦੇ ਲੂਕਵਿਲ ਨੇੜੇ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਦਾਖਲ ਹੋਣ 'ਤੇ ਯੂ. ਐੱਸ. ਬਾਰਡਰ ਪੈਟਰੋਲ ਵਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਨੂੰ ਇੱਕ ਇੰਮੀਗ੍ਰੇਸ਼ਨ ਜੱਜ ਦੇ ਸਾਹਮਣੇ ਪੇਸ਼ ਹੋਣ 'ਤੇ ਇੱਕ ਨੋਟਿਸ ਦੇ ਕੇ ਰਿਹਾਅ ਕਰ ਦਿੱਤਾ ਗਿਆ ਸੀ।






ਬਾਅਦ ਵਿੱਚ ਉਸ ਦੀ ਪਛਾਣ ਅੰਤਰਰਾਸ਼ਟਰੀ ਅਪਰਾਧਿਕ ਸੰਗਠਨਾਂ ਨਾਲ ਜੁੜੇ ਹੋਣ ਵਜੋਂ ਹੋਈ ਸੀ ਅਤੇ ਆਈ.ਸੀ.ਈ. ਮੁਤਾਬਕ ਉਹ ਗੈਰ-ਕਾਨੂੰਨੀ ਤੌਰ 'ਤੇ ਹਥਿਆਰ ਰੱਖਣ ਲਈ ਜਾਣਿਆ ਜਾਂਦਾ ਸੀ। ਲੰਘੀ 6 ਮਾਰਚ ਨੂੰ ਕੈਲੇਫ਼ੋਰਨੀਆ ਹਾਈਵੇਅ ਪੈਟਰੋਲ ਨੇ ਸਿੰਘ ਨੂੰ ਜਨਤਕ ਤੌਰ 'ਤੇ ਇੱਕ ਲੋਡਿਡ ਹਥਿਆਰ ਰੱਖਣ, ਚੋਰੀ ਹੋਏ ਵਾਹਨ ਰੱਖਣ ਅਤੇ ਬੱਚਿਆਂ ਨੂੰ ਖ਼ਤਰੇ ਵਿੱਚ ਪਾਉਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਸੀ।

# ਮੈਸੂਰ ਦੇ ਅਭਿਗਿਆ ਆਨੰਦ ਨੇ 3 ਹਫ਼ਤੇ ਪਹਿਲਾਂ ਹੀ ਕਰ ਦਿੱਤੀ ਸੀ ਭੂਚਾਲ ਦੀ ਭਵਿੱਖਬਾਣੀ

ਮੈਸੂਰ, 30 ਮਾਰਚ (ਪ੍ਰਤੀਨਿਧੀ) : ਥਾਈਲੈਂਡ ਅਤੇ ਮਿਆਂਮਾਰ 'ਚ ਭੂਚਾਲ ਕਾਰਨ ਬੈਂਕੌਕ 'ਚ ਘੱਟੋ-ਘੱਟ ਹਜ਼ਾਰਾਂ ਲੋਕਾਂ ਦੀ ਮੌਤ ਹੋ ਗਈ, ਜਦਕਿ ਮਿਆਂਮਾਰ 'ਚ ਐਮਰਜੈਂਸੀ ਲਾਗੂ ਕਰ ਦਿੱਤੀ ਗਈ ਹੈ। ਥਾਈਲੈਂਡ ਅਤੇ ਮਿਆਂਮਾਰ 'ਚ 7.7 ਤੀਬਰਤਾ ਦਾ ਭੂਚਾਲ ਆਇਆ, ਜਿਸ ਕਾਰਨ ਬੈਂਕੌਕ 'ਚ ਨਿਰਮਾਣ ਅਧੀਨ ਇੱਕ ਬਹੁ-ਮੰਜ਼ਿਲਾ ਇਮਾਰਤ ਢਹਿ ਗਈ ਅਤੇ ਇਸ ਦੇ ਮਲਬੇ 'ਚ ਆਉਣ ਕਾਰਨ ਘੱਟੋ-ਘੱਟ ਕਈ ਲੋਕਾਂ ਦੀ ਮੌਤ ਹੋ ਗਈ, ਜਦਕਿ ਕਈਆਂ ਦੇ ਦੱਬੇ ਜਾਣ ਦਾ ਖਦਸਾ ਹੈ। ਇਸ ਦੇ ਨਾਲ ਹੀ 90 ਹੋਰ ਲਾਪਤਾ ਹਨ। ਥਾਈਲੈਂਡ ਦੇ ਰੱਖਿਆ ਮੰਤਰੀ ਫ਼ੁਮਥਮ ਵੇਚਯਾਚਾਈ ਨੇ ਇਹ ਜਾਣਕਾਰੀ ਦਿੱਤੀ।



ਦਾਅਵਾ ਕੀਤਾ ਜਾ ਰਿਹਾ ਹੈ ਕਿ ਅਭਿਗਿਆ ਆਨੰਦ ਨੇ ਇਸ ਵੱਡੇ ਭੂਚਾਲ ਦੀ ਭਵਿੱਖਬਾਣੀ 3 ਹਫ਼ਤੇ ਪਹਿਲਾਂ ਕਰ ਦਿੱਤੀ ਸੀ। 1 ਮਾਰਚ ਨੂੰ ਅਭਿਗਿਆ ਦੇ ਯੂ-ਟਿਊਬ ਚੈਨਲ 'ਤੇ ਅਪਲੋਡ ਕੀਤੇ ਗਏ ਇਸ ਵੀਡੀਓ 'ਚ ਦਾਅਵਾ ਕੀਤਾ ਗਿਆ ਸੀ ਕਿ ਅਗਲੇ ਕੁਝ ਹਫ਼ਤਿਆਂ 'ਚ ਜਾਂ ਇਸ ਸਾਲ ਦੇ ਮੱਧ 'ਚ ਵੱਡਾ ਭੂਚਾਲ ਤਬਾਹੀ ਮਚਾਉਣ ਵਾਲਾ ਹੈ। ਆਓ ਜਾਣਦੇ ਹਾਂ ਇਹ ਵਿਅਕਤੀ ਕੌਣ ਹੈ, ਜਿਸ ਨੇ ਪਹਿਲਾਂ ਹੀ ਇਸ ਭੂਚਾਲ ਦੀ ਭਵਿੱਖਬਾਣੀ ਕੀਤੀ ਸੀ।

ਅਭਿਗਿਆ 20 ਸਾਲਾਂ ਦਾ ਹੈ ਅਤੇ 11 ਸਾਲਾਂ ਤੋਂ ਜੋਤਿਸ਼ ਵਿੱਦਿਆ ਸਿੱਖ ਰਿਹਾ ਹੈ। ਅਭਿਗਿਆ ਆਨੰਦ ਮੂਲ ਰੂਪ ਵਿੱਚ ਮੈਸੂਰ, ਕਰਨਾਟਕ ਦਾ ਰਹਿਣ ਵਾਲਾ ਹੈ। ਉਹ ਸਭ ਤੋਂ ਛੋਟੀ ਉਮਰ ਦਾ ਜੋਤਸ਼ੀ ਹੈ। ਉਸ ਨੇ ਸਿਰਫ਼ 7 ਸਾਲ ਦੀ ਉਮਰ ਵਿੱਚ ਪੂਰਾ ਭਗਵਦ ਗੀਤਾ ਯਾਦ ਕਰ ਲਿਆ ਸੀ। ਅਭਿਗਿਆ ਨੇ ਛੋਟੀ ਉਮਰ ਤੋਂ ਹੀ ਸੰਸਕ੍ਰਿਤ ਸਿੱਖਣੀ ਸ਼ੁਰੂ ਕਰ ਦਿੱਤੀ ਸੀ, ਉਸ ਨੇ ਕਿਹਾ ਕਿ ਉਸਦੀ ਮਾਂ ਨੇ ਉਸ ਨੂੰ ਇਸ ਕੰਮ ਲਈ ਪ੍ਰੇਰਿਤ ਕੀਤਾ ਸੀ। ਅਭਿਗਿਆ ਇੱਕ ਵੀਡੀਓ ਚੈਨਲ ਚਲਾਉਂਦਾ ਹੈ, ਜਿਸ ਵਿੱਚ ਸੈਂਕੜੇ ਵੀਡੀਓਜ਼ ਅਪਲੋਡ ਹੁੰਦੇ ਹਨ, ਜਿਸ ਵਿੱਚ ਉਸ ਨੇ ਕਈ ਵੱਡੀਆਂ ਭਵਿੱਖਬਾਣੀਆਂ ਕੀਤੀਆਂ ਹਨ।

ਕੀਤੀ ਸੀ ਭੂਚਾਲ ਦੀ ਭਵਿੱਖਬਾਣੀ

ਉਸ ਨੇ ਇਸ ਭੂਚਾਲ ਦੀ ਭਵਿੱਖਬਾਣੀ 3 ਹਫ਼ਤੇ ਪਹਿਲਾਂ ਹੀ ਕਰ ਦਿੱਤੀ ਸੀ, ਇਸ ਤੋਂ ਇਲਾਵਾ ਉਸ ਨੇ ਤਰੀਕ ਦੇ ਨਾਲ-ਨਾਲ ਨਕਸ਼ੇ ਰਾਹੀਂ ਥਾਵਾਂ ਬਾਰੇ ਵੀ ਦੱਸਿਆ ਸੀ। ਇੱਕ ਨਿਊਜ਼ ਚੈਨਲ ਨਾਲ ਗੱਲਬਾਤ ਦੌਰਾਨ ਅਭਿਗਿਆ ਨੇ ਦੱਸਿਆ ਕਿ ਭਗਵਾਨ ਕ੍ਰਿਸ਼ਨ ਨੇ ਉਸ ਨੂੰ ਇਸ ਰਸਤੇ 'ਤੇ ਚੱਲਣ ਲਈ ਮਾਰਗ ਦਰਸ਼ਨ ਕੀਤਾ ਸੀ। ਉਸ ਨੇ ਨਾ ਸਿਰਫ਼ ਸੰਸਕ੍ਰਿਤ ਅਤੇ ਜੋਤਿਸ਼ ਸਿੱਖਿਆ, ਸਗੋਂ ਹੁਣ ਉਹ ਆਪਣੇ ਇੰਸਟੀਚਿਊਟ ਪ੍ਰਾਜਨਾ ਜੋਤਿਸ਼, ਜੋ ਕਿ 2018 ਵਿੱਚ ਸ਼ੁਰੂ ਕੀਤੀ ਗਈ ਸੀ, ਰਾਹੀਂ 1200 ਬੱਚਿਆਂ ਅਤੇ 150 ਖੋਜਕਰਤਾਵਾਂ ਨੂੰ ਪੜ੍ਹਾ ਰਿਹਾ ਹੈ। ਅਭਿਗਿਆ ਨੇ ਸਿਰਫ਼ 12 ਸਾਲਾਂ ਵਿੱਚ ਵਾਸਤੂ ਸ਼ਾਸ਼ਤਰ ਵਿੱਚ ਆਪਣੀ ਗ੍ਰੈਜੂਏਸ਼ਨ ਦੀ ਡਿਗਰੀ ਪੂਰੀ ਕੀਤੀ ਸੀ।

ਪਹਿਲਾਂ ਵੀ ਭਵਿੱਖਬਾਣੀ ਕਰ ਚੁੱਕੇ ਹਨ

ਅਭਿਗਿਆ ਦੇ ਚੈਨਲ ਮੁਤਾਬਕ ਉਸ ਦਾ ਦਾਅਵਾ ਹੈ ਕਿ ਉਸ ਨੇ ਪਹਿਲਾਂ ਵੀ ਕਈ ਭਵਿੱਖਬਾਣੀਆਂ ਕੀਤੀਆਂ ਹਨ, ਜੋ ਸੱਚ ਸਾਬਤ ਹੋਈਆਂ ਹਨ। ਇਸ ਤੋਂ ਪਹਿਲਾਂ, ਮਾਹਿਰ 2020 ਵਿੱਚ ਕੋਵਿਡ, 2022 ਵਿੱਚ ਰੂਸ ਯੂਕਰੇਨ ਯੁੱਧ, 2023 ਵਿੱਚ ਹਮਾਸ ਦੇ ਅਤਿਵਾਦੀ ਹਮਲੇ ਅਤੇ 2024 ਵਿੱਚ ਬੰਗਲਾਦੇਸ਼ ਵਿੱਚ ਤਖਤਾ ਪਲਟ ਦੀ ਭਵਿੱਖਬਾਣੀ ਕਰ ਚੁੱਕੇ ਹਨ।

# ਹੁਣ ਅਮਰੀਕਾ ਤੋਂ ਲੋਕ ਨਹੀਂ ਹੋਣਗੇ ਡਿਪੋਰਟ ! ਟਰੰਪ ਦੇ ਹੁਕਮਾਂ 'ਤੇ ਅਦਾਲਤ ਨੇ ਲਾਈ ਰੋਕ

ਵਾਸ਼ਿੰਗਟਨ, 30 ਮਾਰਚ (ਪ੍ਰਤੀਨਿਧੀ) : ਅਮਰੀਕਾ ਦੇ ਇੱਕ ਸੰਘੀ ਜੱਜ ਨੇ ਟਰੰਪ ਪ੍ਰਸ਼ਾਸਨ ਵਲੋਂ ਦਿੱਤੇ ਗਏ ਚੋਣਵੇਂ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦੇ ਹੁਕਮ 'ਤੇ ਅਸਥਾਈ ਤੌਰ 'ਤੇ ਰੋਕ ਲਗਾ ਦਿੱਤੀ ਹੈ। ਅਮਰੀਕੀ ਜ਼ਿਲ੍ਹਾ ਜੱਜ ਬ੍ਰਾਇਨ ਈ. ਮਰਫ਼ੀ ਨੇ ਫ਼ੈਸਲਾ ਸੁਣਾਇਆ ਕਿ ਜਿਨ੍ਹਾਂ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦੇ ਅੰਤਿਮ ਹੁਕਮ ਦਿੱਤੇ ਗਏ ਹਨ, ਉਨ੍ਹਾਂ ਨੂੰ ਇਹ ਦਲੀਲ ਦੇਣ ਦਾ 'ਇੱਕ ਅਰਥਪੂਰਨ ਮੌਕਾ' ਦਿੱਤਾ ਜਾਣਾ ਚਾਹੀਦਾ ਹੈ ਕਿ ਤੀਜੇ ਦੇਸ ਵਿੱਚ ਭੇਜੇ ਜਾਣ ਨਾਲ ਇੱਕ ਅਜਿਹਾ ਖਤਰਾ ਪੈਦਾ ਹੁੰਦਾ ਹੈ, ਜੋ ਸੁਰੱਖ਼ਿਆ ਦੇ ਯੋਗ ਹੈ।



ਜੱਜ ਦਾ ਇਹ ਹੁਕਮ ਉਦੋਂ ਤਕ ਲਾਗੂ ਰਹੇਗਾ ਜਦੋਂ ਤੱਕ ਕੇਸ ਬਹਿਸ ਦੇ ਅਗਲੇ ਪੜਾਅ 'ਤੇ ਨਹੀਂ ਪਹੁੰਚ ਜਾਂਦਾ। ਅਮਰੀਕੀ ਅਦਾਲਤ ਦੇ ਇਸ ਫ਼ੈਸਲੇ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਲਈ ਇੱਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ, ਜਿਸ ਨੇ ਲੋਕਾਂ ਨੂੰ ਪਨਾਮਾ, ਕੋਸਟਾ ਰਿਕਾ ਅਤੇ ਅਲ ਸਲਵਾਡੋਰ ਵਰਗੇ ਦੇਸ਼ਾਂ ਵਿੱਚ ਭੇਜਿਆ ਹੈ, ਜਦੋਂ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣਾ ਮੁਸ਼ਕਿਲ ਹੈ।

# ਅਮਰੀਕਾ 'ਚ ਡਾਕਟਰੇਟ ਕਰ ਰਹੀ ਵਿੱਦਿਆਰਥਣ ਲਈ ਗਈ ਹਿਰਾਸਤ 'ਚ

ਵਾਸ਼ਿੰਗਟਨ, 30 ਮਾਰਚ (ਪ੍ਰਤੀਨਿਧੀ): ਅਮਰੀਕਾ ਦੀ ਟਫ਼ਟਸ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਤੁਰਕੀ ਦੀ ਇੱਕ ਵਿੱਦਿਆਰਥਣ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇੱਕ ਵੀਡੀਓ ਵਿੱਚ ਕੁਝ ਨਕਾਬਪੋਸ਼ ਆਦਮੀ ਵਿੱਦਿਆਰਥਣ ਨੂੰ ਫ਼ੜਦੇ, ਹੱਥਕੜੀ ਲਗਾਉਂਦੇ ਅਤੇ ਲਿਜਾਂਦੇ ਦੇਖੇ ਜਾ ਸਕਦੇ ਹਨ। ਤੁਰਕੀ ਦੀ ਵਿੱਦਿਆਰਥਣ ਨੂੰ ਕਿਹੜੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਹਿਰਾਸਤ ਵਿੱਚ ਲਈ ਗਈ ਵਿੱਦਿਆਰਥਣ ਦੀ ਪਛਾਣ ਰੂਮੀਆ ਓਜ਼ਤੁਰਕ (30) ਵਜੋਂ ਹੋਈ ਹੈ। ਵਿੱਦਿਆਰਥੀ ਦੇ ਵਕੀਲ ਦਾ ਕਹਿਣਾ ਹੈ ਕਿ ਓਜ਼ੁਰਕ ਨੂੰ ਹਿਰਾਸਤ ਵਿੱਚ ਕਿਉਂ ਲਿਆ ਗਿਆ ਹੈ, ਇਸ ਬਾਰੇ ਅਜੇ ਤਕ ਕੋਈ ਦੋਸ਼ ਦਾਇਰ ਨਹੀਂ ਕੀਤਾ ਗਿਆ ਹੈ।



ਮੀਡੀਆ ਰਿਪੋਰਟਾਂ ਅਨੁਸਾਰ ਰੂਮੀਆ ਓਜ਼ਤੁਰਕ ਸੋਮਰਵਿਲ ਸਥਿਤ ਆਪਣੇ ਘਰ ਤੋਂ ਆਪਣੇ ਦੋਸਤਾਂ ਨੂੰ ਮਿਲਣ ਲਈ ਨਿਕਲੀ ਸੀ, ਪਰ ਰਸਤੇ ਵਿੱਚ ਕੁੱਝ ਨਕਾਬਪੋਸ਼ ਵਿਅਕਤੀਆਂ ਨੇ ਉਸ ਨੂੰ ਰੋਕ ਲਿਆ ਅਤੇ ਉਸ ਨੂੰ ਹੱਥਕੜੀ ਲਗਾ ਕੇ ਹਿਰਾਸਤ ਵਿੱਚ ਲੈ ਲਿਆ। ਇੱਕ ਵੀਡੀਓ ਵਿੱਚ 6 ਆਦਮੀ ਓਜ਼ਤੁਰਕ ਨੂੰ ਫ਼ੜੇ ਹੋਏ ਦਿਖਾਈ ਦੇ ਰਹੇ ਹਨ, ਸਾਰਿਆਂ ਨੇ ਆਪਣੇ ਚਿਹਰੇ ਢੱਕੇ ਹੋਏ ਹਨ। ਇੰਨਾ ਹੀ ਨਹੀਂ ਉਨ੍ਹਾਂ ਦੀ ਕਾਰ 'ਤੇ ਕੋਈ ਨੰਬਰ ਪਲੇਟ ਵੀ ਨਹੀਂ ਸੀ। ਜਦੋਂ ਵਿੱਦਿਆਰਥਣ ਫ਼ੜੀ ਗਈ ਤਾਂ ਉਹ ਚੀਕ ਪਈ। ਜਦੋਂ ਨੇੜੇ-ਤੇੜੇ ਦੇ ਕੁੱਝ ਲੋਕਾਂ ਨੇ ਮਦਦ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਨਕਾਬਪੋਸ਼ਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਪੁਲੀਸ ਵਾਲੇ ਹਨ। ਹਾਲਾਂਕਿ ਉਨ੍ਹਾਂ ਨੇ ਆਪਣਾ ਚਿਹਰਾ ਲੁਕਾਉਣ ਦਾ ਕਾਰਨ ਨਹੀਂ ਦੱਸਿਆ। ਵਿੱਦਿਆਰਥਣ ਦੇ ਵਕੀਲ ਨੇ ਕਿਹਾ ਕਿ ਉਹ ਇਫ਼ਤਾਰ ਲਈ ਆਪਣੇ ਦੋਸਤ ਦੇ ਘਰ ਜਾ ਰਹੀ ਸੀ। ਸਾਨੂੰ ਇਸ ਬਾਰੇ ਕੋਈ ਜਾਣਕਾਰੀ ਵੀ ਨਹੀਂ ਦਿੱਤੀ ਗਈ ਕਿ ਉਸ ਨੂੰ ਕਿੱਥੇ ਰੱਖਿਆ ਗਿਆ ਹੈ। ਹੁਣ ਤਕ ਰੂਮੀਆ ਵਿਰੁੱਧ ਕੋਈ ਦੋਸ਼ ਨਹੀਂ ਲਗਾਏ ਗਏ ਹਨ। ਰੂਮੀਆ ਅਮਰੀਕਾ ਵਿੱਚ ਵਿੱਦਿਆਰਥੀ ਵੀਜ਼ੇ 'ਤੇ ਰਹਿ ਰਹੀ ਹੈ ਅਤੇ ਉਸ ਦਾ ਵੀਜ਼ਾ ਵੈਧ ਹੈ। ਉਹ ਟਫ਼ਟਸ ਯੂਨੀਵਰਸਿਟੀ ਦੇ ਗ੍ਰੈਜੂਏਟ ਸਕੂਲ ਔਫ਼ ਆਰਟਸ ਐਂਡ ਸਾਇੰਸਜ਼ ਦੀ ਵਿੱਦਿਆਰਥਣ ਹੈ। ਇਸ ਦੌਰਾਨ ਟਫ਼ਟਸ ਯੂਨੀਵਰਸਿਟੀ ਦੇ ਪ੍ਰਧਾਨ ਸੁਨੀਲ ਕੁਮਾਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਇੱਕ ਅੰਤਰਰਾਸ਼ਟਰੀ ਗ੍ਰੈਜੂਏਟ ਵਿੱਦਿਆਰਥੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਉਸ ਦਾ ਵੀਜ਼ਾ ਵੀ ਰੱਦ ਕਰ ਦਿੱਤਾ ਗਿਆ ਹੈ। ਹਾਲਾਂਕਿ, ਉਨ੍ਹਾਂ ਨੇ ਇਸ ਮਾਮਲੇ ਵਿੱਚ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਮਾਮਲੇ ਨੇ ਇੱਕ ਰਾਜਨੀਤਕ ਮੋੜ ਵੀ ਲੈ ਲਿਆ ਹੈ, ਡੈਮੋਕ੍ਰੇਟ ਪਾਰਟੀ ਦੀ ਸੰਸਦ ਮੈਂਬਰ ਅੰਨਾ ਪ੍ਰੈਸਲੀ ਨੇ ਇਸ ਨੂੰ ਸੰਵਿਧਾਨਕ ਅਧਿਕਾਰਾਂ ਅਤੇ ਬੋਲਣ ਦੀ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਦੱਸਿਆ ਹੈ। ਉਨ੍ਹਾਂ ਵਿੱਦਿਆਰਥੀ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ।

# ਦੁਬਈ ਦੇ ਕ੍ਰਾਊਨ ਪ੍ਰਿੰਸ ਨੇ ਧੀ ਦਾ ਨਾਂ ਰੱਖਿਆ 'ਹਿੰਦ', ਬਣਿਆ ਚਰਚਾ ਦਾ ਵਿਸ਼ਾ




ਦੁਬਈ, 30 ਮਾਰਚ (ਪ੍ਰਤੀਨਿਧੀ): ਦੁਬਈ ਦੇ ਕ੍ਰਾਊਨ ਪ੍ਰਿੰਸ ਸ਼ੇਖ ਹਮਦਾਨ ਦੇ ਘਰ ਧੀ ਨੇ ਜਨਮ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੇ ਇਹ ਜਾਣਕਾਰੀ ਸੋਸ਼ਲ ਮੀਡੀਆ ਪੋਸਟ ਰਾਹੀਂ ਦਿੱਤੀ ਹੈ। ਖਾਸ ਗੱਲ ਇਹ ਹੈ ਕਿ ਉਨ੍ਹਾਂ ਨੇ ਆਪਣੀ ਧੀ ਦਾ ਨਾਂ 'ਹਿੰਦ' ਰੱਖਣ ਦਾ ਫ਼ੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਸ਼ਾਹੀ ਜੋੜੇ ਦੇ 2 ਪੁੱਤਰ ਅਤੇ ਇੱਕ ਧੀ ਵੀ ਹੈ। ਹਮਦਾਨ 2008 ਤੋਂ ਦੁਬਈ ਦੇ ਕ੍ਰਾਊਨ ਪ੍ਰਿੰਸ ਹਨ। ਉਹ ਸੰਯੁਕਤ ਅਰਬ ਅਮੀਰਾਤ ਦੇ ਉੱਪ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਵੀ ਹਨ। ਮੀਡੀਆ ਰਿਪੋਰਟਾਂ ਮੁਤਾਬਕ ਸ਼ੇਖ ਹਮਦਾਨ ਨੇ ਆਪਣੀ ਮਾਂ ਸ਼ੇਖਾ ਹਿੰਦ ਬਿੰਤ ਮਕਤੂਮ ਬਿਨ ਜੁਮਾ ਅਲ ਮਕਤੂਮ ਦੇ ਸਨਮਾਨ 'ਚ ਆਪਣੀ ਧੀ ਦਾ ਨਾਂ 'ਹਿੰਦ' ਰੱਖਿਆ ਹੈ। ਸੇਖ ਹਮਦਾਨ ਦੁਬਈ ਦੇ ਸ਼ਾਸ਼ਕ ਸੇਖ ਮੁਹੰਮਦ ਬਿਨ ਰਾਸ਼ਿਦ ਅਲ ਮਕਤੂਮ ਅਤੇ ਸ਼ੇਖ ਹਿੰਦ ਬਿਨਤ ਮਕਤੂਮ ਬਿਨ ਜੁਮਾ ਅਲ ਮਕਤੂਮ ਦਾ ਦੂਜਾ ਪੁੱਤਰ ਹੈ। ਸ਼ੇਖ ਹਮਦਾਨ ਵੀ ਸੋਸ਼ਲ ਮੀਡੀਆ 'ਤੇ ਕਾਫ਼ੀ ਐਕਟਿਵ ਰਹਿੰਦੇ ਹਨ। ਇੰਸਟਾਗ੍ਰਾਮ 'ਤੇ ਉਸ ਦੇ ਫ਼ਾਲੋਅਰਜ਼ ਦੀ ਗਿਣਤੀ 17 ਮਿਲੀਅਨ ਦੇ ਕਰੀਬ ਹੈ। ਉਹ @faz3 ਹੈਂਡਲ 'ਤੇ ਪੋਸਟਾਂ ਰਾਹੀਂ ਆਪਣੀ ਜ਼ਿੰਦਗੀ ਦੀਆਂ ਝਲਕੀਆਂ ਸਾਂਝੀਆਂ ਕਰਦਾ ਹੈ।

ਇਸ ਤੋਂ ਪਹਿਲਾਂ ਯੂ.ਏ.ਈ. ਦੀ ਇੱਕ ਸਿਟੀ ਦਾ ਨਾਮ ਵੀ ਹਿੰਦ ਸਿਟੀ ਰੱਖਿਆ ਗਿਆ ਸੀ। ਅਜਿਹੇ ਵਿੱਚ ਭਾਰਤ ਦੇ ਕੁੱਝ ਲੋਕਾਂ ਦਾ ਮੰਨਣਾ ਹੈ ਕਿ ਹਿੰਦ ਨਾਮ ਹਿੰਦੁਸਤਾਨ ਨਾਲ ਜੁੜਿਆ ਹੋਇਆ ਹੈ। ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ 'ਹਿੰਦ' ਸ਼ਬਦ ਦਾ ਮਤਲਬ ਸ਼ਕਤੀ ਅਤੇ ਵਿਰਾਸਤ ਹੈ। ਪੁਰਾਣੇ ਸਮੇਂ ਵਿੱਚ ਇਸ ਨਾਮ ਨੂੰ ਖੁਸ਼ਹਾਲੀ ਅਤੇ ਧਨ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਸੀ। ਦੁਬਈ ਤੇ ਯੂ.ਏ.ਈ. ਦੇ ਦੇਸ਼ਾਂ ਵਿੱਚ ਇਹ ਨਾਮ ਕਾਫ਼ੀ ਆਮ ਹੈ ਅਤੇ ਕਈ ਕੁੜੀਆਂ ਦੇ ਨਾਮ 'ਹਿੰਦ' ਰੱਖੇ ਜਾਂਦੇ ਹਨ। ਅਰਬ ਦੇਸ਼ਾਂ ਵਿੱਚ ਧੀਆਂ ਦਾ 'ਹਿੰਦ' ਨਾਮ ਰੱਖਣ ਦੀ ਪੁਰਾਣੀ ਪਰੰਪਰਾ ਹੈ। ਸਦੀਆਂ ਤੋਂ ਇਸਲਾਮ ਵਿੱਚ ਇਸ ਨਾਮ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ।

## ਇਰਾਕ ਨੇ 2 ਟਨ ਤੋਂ ਵੱਧ ਨਸ਼ੀਲੇ ਪਦਾਰਥ ਕੀਤੇ ਜ਼ਬਤ

ਬਗਦਾਦ, 30 ਮਾਰਚ (ਪ੍ਰਤੀਨਿਧੀ): ਇਰਾਕ ਦੇ ਗ੍ਰਹਿ ਮੰਤਰਾਲੇ ਨੇ 2025 ਵਿੱਚ ਹੁਣ ਤਕ 2.156 ਟਨ ਨਸ਼ੀਲੇ ਪਦਾਰਥ ਜ਼ਬਤ ਕਰਨ ਦਾ ਐਲਾਨ ਕੀਤਾ ਹੈ। ਇਸ ਸਫ਼ਲ ਮੁਹਿੰਮ ਦੇ ਤਹਿਤ ਮੰਤਰਾਲੇ ਨੇ ਨਸ਼ਿਆਂ ਵਿਰੁੱਧ ਆਪਣੀਆਂ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਨ ਦਾ ਸੰਕਲਪ ਲਿਆ ਹੈ।

ਮੰਤਰਾਲੇ ਦੇ ਜਨਰਲ ਡਾਇਰੈਕਟੋਰੇਟ ਔਫ਼ ਨਾਰਕੋਟਿਕਸ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਅਫ਼ੇਅਰਜ਼ ਦੇ ਬੁਲਾਰੇ ਹੁਸੈਨ ਅਲ-ਤਮੀਮੀ ਨੇ ਅਧਿਕਾਰਤ ਇਰਾਕੀ ਨਿਊਜ਼ ਏਜੰਸੀ ਨੂੰ ਦੱਸਿਆ ਕਿ ਇਸ ਸਾਲ 194 ਅੰਤਰਰਾਸ਼ਟਰੀ ਅਤੇ 1,365 ਸਥਾਨਕ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ 2003 ਦੇ ਅਮਰੀਕੀ ਹਮਲੇ ਤੋਂ ਬਾਅਦ ਇਰਾਕ ਵਿੱਚ ਹਫ਼ੜਾ-ਦਫ਼ੜੀ ਨੇ ਸਰਕਾਰਾਂ ਨੂੰ ਨਸ਼ੀਲੇ ਪਦਾਰਥਾਂ ਦੇ ਖ਼ਤਰੇ ਨਾਲ ਨਜਿੱਠਣ ਵਿੱਚ ਰੁਕਾਵਟ ਪਾਈ ਹੈ।

# ਕੈਨੇਡਾ ਦੇ ਪੀ. ਐੱਮ. ਮਾਰਕ ਕਾਰਨੀ ਨਾਲ ਹੋਈ ਗੱਲਬਾਤ ਬਾਰੇ ਟਰੰਪ ਦਾ ਬਿਆਨ ਆਇਆ ਸਾਹਮਣੇ

ਟੋਰਾਂਟੋ , 30 ਮਾਰਚ (ਪ੍ਰਤੀਨਿਧੀ) : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ = ਕਿਹਾ ਕਿ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਉਨ੍ਹਾਂ ਦੀ ਪਹਿਲੀ ਫ਼ੋਨ ਗੱਲਬਾਤ 'ਬਹੁਤ ਲਾਭਕਾਰੀ' ਰਹੀ। ਇਸ ਦੌਰਾਨ ਕਾਰਨੀ ਨੇ ਗੱਲਬਾਤ ਬਾਰੇ ਕਿਹਾ ਕਿ ਟਰੰਪ ਨਿੱਜੀ ਅਤੇ ਜਨਤਕ ਤੌਰ 'ਤੇ ਕੈਨੇਡਾ ਦੀ ਪ੍ਰਭੂਸੱਤਾ ਦਾ ਸਤਿਕਾਰ ਕਰਦੇ ਹਨ ਪਰ ਦੋਵਾਂ ਦੇਸ਼ਾਂ ਦੇ ਸਬੰਧ ਬਦਲ ਗਏ ਹਨ। ਇਹ ਗੱਲਬਾਤ ਅਜਿਹੇ ਸਮੇਂ ਹੋਈ ਹੈ ਜਦੋਂ ਟਰੰਪ ਨੇ ਕੈਨੇਡਾ ਨਾਲ ਵਪਾਰ ਯੁੱਧ ਦਾ ਐਲਾਨ ਕੀਤਾ ਹੈ ਅਤੇ ਕੈਨੇਡਾ ਨੂੰ 51ਵਾਂ ਅਮਰੀਕੀ ਰਾਜ ਬਣਾਉਣ ਲਈ ਆਰਥਿਕ ਦਬਾਅ ਦੀ ਵਰਤੋਂ ਕਰਨ ਦੀ ਧਮਕੀ ਦਿੱਤੀ ਹੈ, ਜਿਸ ਪ੍ਰਤੀ ਕੈਨੇਡਾ ਨੇ ਨਾਰਾਜ਼ਗੀ ਪ੍ਰਗਟ ਕੀਤੀ ਹੈ।





ਟਰੰਪ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ 'ਪੋਸਟ' ਅਤੇ ਬਾਅਦ ਵਿੱਚ ਆਪਣੀਆਂ ਜਨਤਕ ਟਿੱਪਣੀਆਂ ਵਿੱਚ ਇਸ ਦਾ ਜ਼ਿਕਰ ਨਹੀਂ ਕੀਤਾ। ਟਰੰਪ ਨੇ ਕਿਹਾ, "ਸਾਡੀ ਬਹੁਤ ਵਧੀਆ ਗੱਲਬਾਤ ਹੋਈ। ਮਾਰਕ ਨੇ ਮੈਨੂੰ ਫ਼ੋਨ ਕੀਤਾ... ਉਸ ਦੇ ਦੇਸ਼ ਵਿੱਚ ਚੋਣਾਂ ਹੋਣ ਵਾਲੀਆਂ ਹਨ। ਦੇਖਦੇ ਹਾਂ ਕੀ ਹੁੰਦਾ ਹੈ।" ਇਸ ਸਮੇਂ ਦੌਰਾਨ ਟਰੰਪ ਨੇ ਪ੍ਰਧਾਨ ਮੰਤਰੀ ਕਾਰਨੀ ਨੂੰ ਗਵਰਨਰ ਨਹੀਂ ਬੁਲਾਇਆ, ਜਦੋਂ ਕਿ ਉਨ੍ਹਾਂ ਨੇ ਕਾਰਨੀ ਦੇ ਪੂਰਵਗਾਮੀ ਜਸਟਿਨ ਟਰੂਡੋ ਨੂੰ ਗਵਰਨਰ ਵਜੋਂ ਸੰਬੋਧਨ ਕੀਤਾ ਸੀ। ਟਰੰਪ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਦੋਵੇਂ ਧਿਰਾਂ "ਬਹੁਤ ਸਾਰੀਆਂ ਗੱਲਾਂ 'ਤੇ ਸਹਿਮਤ ਹਨ ਅਤੇ ਆਉਣ ਵਾਲੀਆਂ ਕੈਨੇਡੀਅਨ ਚੋਣਾਂ ਤੋਂ ਥੋੜ੍ਹੀ ਦੇਰ ਬਾਅਦ ਰਾਜਨੀਤੀ, ਕਾਰੋਬਾਰ ਅਤੇ ਹੋਰ ਸਾਰੇ ਕਾਰਕਾਂ 'ਤੇ ਚਰਚਾ ਕਰਨ ਲਈ ਮੁਲਾਕਾਤ ਕਰਨਗੇ ਜੋ ਸੰਯੁਕਤ ਰਾਜ ਅਤੇ ਕੈਨੇਡਾ ਦੋਵਾਂ ਲਈ ਬਹੁਤ ਚੰਗੇ ਹੋਣਗੇ।" ਪਰ ਟਰੰਪ ਨੇ ਇਹ ਵੀ ਕਿਹਾ ਕਿ ਹੋਰ ਟੈਰਿਫ਼ ਲਗਾਏ ਜਾਣਗੇ।

ਇਸ ਦੌਰਾਨ ਕਾਰਨੀ ਨੇ ਕਿਹਾ ਕਿ ਟਰੰਪ ਨੇ ਇਹ ਨਹੀਂ ਕਿਹਾ ਕਿ ਉਹ ਸਟੀਲ, ਐਲੂਮੀਨੀਅਮ, ਆਟੋ ਅਤੇ ਹੋਰ ਉਤਪਾਦਾਂ 'ਤੇ ਟੈਰਿਫ਼ ਵਾਪਸ ਲੈ ਲੈਣਗੇ। ਉਨ੍ਹਾਂ ਕਿਹਾ, "ਇਹ ਸਪੱਸ਼ਟ ਹੈ ਕਿ ਅਮਰੀਕਾ ਹੁਣ ਇੱਕ ਭਰੋਸੇਯੋਗ ਸਾਥੀ ਨਹੀਂ ਰਿਹਾ।" ਹੁਣ ਇਹ ਸੰਭਵ ਹੈ ਕਿ ਗੱਲਬਾਤ ਰਾਹੀਂ ਅਸੀਂ ਵਿਸ਼ਵਾਸ ਬਹਾਲ ਕਰ ਸਕੀਏ, ਪਰ ਅਸੀਂ ਪਿੱਛੇ ਨਹੀਂ ਹੱਟ ਸਕਦੇ।" ਕਾਰਨੀ ਨੇ ਕਿਹਾ, 'ਰਾਸ਼ਟਰਪਤੀ ਨੇ ਅੱਜ ਆਪਣੀਆਂ ਨਿੱਜੀ ਅਤੇ ਜਨਤਕ ਟਿੱਪਣੀਆਂ ਵਿੱਚ ਕੈਨੇਡਾ ਦੀ ਪ੍ਰਭੂਸੱਤਾ ਦਾ ਸਤਿਕਾਰ ਕੀਤਾ।' ਉਨ੍ਹਾਂ ਗੱਲਬਾਤ ਨੂੰ ਸਕਾਰਾਤਮਕ, ਸੁਹਿਰਦ ਅਤੇ ਰਚਨਾਤਮਕ ਦੱਸਿਆ। ਕਾਰਨੀ ਨੇ ਕਿਹਾ "ਇਹੀ ਅਸੀਂ ਚਾਹੁੰਦੇ ਹਾਂ।" ਉਨ੍ਹਾਂ ਕਿਹਾ ਕਿ ਉਹ 28 ਅਪ੍ਰੈਲ ਨੂੰ ਕੈਨੇਡਾ ਦੀਆਂ ਚੋਣਾਂ ਤੋਂ ਤੁਰੰਤ ਬਾਅਦ ਅਮਰੀਕਾ ਨਾਲ "ਨਵੇਂ ਆਰਥਿਕ ਅਤੇ ਸੁਰੱਖ਼ਿਆ ਸਬੰਧ" ਲਈ ਵਿਆਪਕ ਗੱਲਬਾਤ ਸ਼ੁਰੂ ਕਰਨਗੇ।

# ਅਮਰੀਕੀ ਸੂਬੇ ਯੂਟਾਹ ਨੇ ਪੀਣ ਵਾਲੇ ਪਾਣੀ ਸਬੰਧੀ ਲਿਆ ਅਹਿਮ ਫ਼ੈਸਲਾ

ਲਾਸ ਏਂਜਲਸ, 30 ਮਾਰਚ (ਪ੍ਰਤੀਨਿਧੀ): ਅਮਰੀਕੀ ਸੂਬੇ ਯੂਟਾਹ ਨੇ ਪੀਣ ਵਾਲੇ ਪਾਣੀ ਸਬੰਧੀ ਅਹਿਮ ਫ਼ੈਸਲਾ ਲਿਆ ਹੈ। ਇਸ ਫ਼ੈਸਲੇ ਨਾਲ ਯੂਟਾਹ ਜਨਤਕ ਪਾਣੀ ਪ੍ਰਣਾਲੀਆਂ ਵਿੱਚ ਫ਼ਲੋਰਾਈਡ ਪਾਉਣ 'ਤੇ ਪਾਬੰਦੀ ਲਗਾਉਣ ਵਾਲਾ ਪਹਿਲਾ ਅਮਰੀਕੀ ਸੂਬਾ ਬਣ ਗਿਆ ਹੈ। ਯੂਟਾਹ ਦੇ ਗਵਰਨਰ ਸਪੈਂਸਰ ਕੌਕਸ ਨੇ ਇੱਕ ਬਿੱਲ 'ਤੇ ਦਸਤਖ਼ਤ ਕੀਤੇ ਜੋ ਕਿਸੇ ਵੀ ਵਿਅਕਤੀ ਜਾਂ ਸਰਕਾਰੀ ਸੰਸਥਾ ਨੂੰ ਸੂਬੇ ਦੀ ਪਾਣੀ ਸਪਲਾਈ ਵਿੱਚ ਖਣਿਜ ਫ਼ਲੋਰਾਈਡ ਜੋੜਨ ਤੋਂ ਵਰਜਿਤ ਕਰਦਾ ਹੈ। ਇਹ ਬਿੱਲ ਜਨਵਰੀ ਵਿੱਚ ਪੇਸ਼ ਕੀਤਾ ਗਿਆ ਸੀ ਅਤੇ 21 ਫ਼ਰਵਰੀ ਨੂੰ ਰਾਜ ਵਿਧਾਨ ਸਭਾ ਦੁਆਰਾ ਪਾਸ ਕੀਤਾ ਗਿਆ ਸੀ। ਇਹ ਕਾਨੂੰਨ 7 ਮਈ ਤੋਂ ਲਾਗੂ ਹੋਵੇਗਾ। ਫ਼ਲੋਰਾਈਡ ਇੱਕ ਅਜਿਹਾ ਖਣਿਜ ਹੈ ਜੋ ਦੰਦਾਂ ਨੂੰ ਮਜ਼ਬੂਤ ਕਰਨ ਅਤੇ ਖੋੜਾਂ ਨੂੰ ਘਟਾਉਣ ਦੀ ਸਮਰੱਥਾ ਲਈ ਜਾਣਿਆ ਜਾਂਦਾ ਹੈ। ਯੂ.ਐੱਸ. ਸੈਂਟਰ ਫ਼ੌਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸਨ (ਸੀ.ਡੀ.ਸੀ.) ਅਨੁਸਾਰ ਇਹ ਦੰਦਾਂ ਦੇ ਬਾਹਰੀ ਇਨੇਮਲ ਨਾਲ ਮਿਲ ਕੇ ਕੰਮ ਕਰਦਾ ਹੈ, ਉਨ੍ਹਾਂ ਨੂੰ ਮਜ਼ਬੂਤ ਅਤੇ ਸੜਨ ਪ੍ਰਤੀ ਵਧੇਰੇ ਰੋਧਕ ਬਣਾਉਂਦਾ ਹੈ। ਜਦੋਂ ਕਿ ਜ਼ਿਆਦਾਤਰ ਪਾਣੀ ਵਿੱਚ ਕੁਦਰਤੀ ਤੌਰ 'ਤੇ ਪਾਏ ਜਾਣ ਵਾਲੇ ਫ਼ਲੋਰਾਈਡ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ, ਇਹ ਆਮ ਤੌਰ 'ਤੇ ਖੋੜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਬਹੁਤ ਘੱਟ ਪੱਧਰ 'ਤੇ ਹੁੰਦਾ ਹੈ। ਸੀ.ਡੀ.ਸੀ. ਪੀਣ ਵਾਲੇ ਪਾਣੀ ਦੇ ਪ੍ਰਤੀ ਲੀਟਰ 0.7 ਮਿਲੀਗ੍ਰਾਮ ਦੀ ਫ਼ਲੋਰਾਈਡ ਗਾੜ੍ਹਾਪਣ ਦੀ ਸਿਫ਼ਾਰਿਸ਼ ਕਰਦਾ ਹੈ।